# ਬਿਫ਼ਰੇ ਮੌਸਮ

(ਗ਼ਜ਼ਲ ਸੰਗ੍ਰਹਿ)

**ਏਸੇ ਕਲਮ ਤੋਂ:-**

1. ਪਹਿਲੀ ਫ਼ੁਹਾਰ (ਕਾਵਿ ਸੰਗ੍ਰਹਿ) 1996
2. ਭਿੱਜੇ ਮੌਸਮ (ਗ਼ਜ਼ਲ ਸੰਗ੍ਰਹਿ) 2004

# ਬਿਫ਼ਰੇ ਮੌਸਮ

(ਗ਼ਜ਼ਲ ਸੰਗ੍ਰਹਿ)

ਸੁਦਰਸ਼ਨ ਵਾਲੀਆ

**Bifre Mausam**

*A collection of Punjabi Ghazals*

*by*

**Sudarshan Walia**
# 2406 Mundi Co-op. Sousty Complex
Sector 70 SAS Nagar (Mohali)
M. No. 94638-38110, 0172-2216789

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011, Sudarshan Walia*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਉਨ੍ਹਾਂ ਪਰਦੇਸੀ ਪੰਛੀਆਂ ਨੂੰ
ਜਿਹੜੇ
ਸੁੰਨੇ ਕਰਕੇ ਰੱਖ ਗਏ
ਮਮਤਾ ਦੇ ਕਲਾਵੇ
ਅਤੇ
ਪੋਤੇ, ਪੋਤੀਆਂ, ਦੋਹਤੇ ਤੇ
ਦੋਹਤੀ ਦੇ ਨਾਂ

*ਬਿਫ਼ਰੇ ਮੌਸਮ ਭਾਵੇਂ ਕਹਿਰ ਗੁਜ਼ਰ ਗਏ।*
*ਕਾਲੀ ਰਾਤ ਦਾ 'ਨੇਰ੍ਹਾ ਤੂੰ ਵੀ ਢੋਇਆ ਹੈ।*
*ਤਰਦਾ ਜਾਏ ਪਰਾਂਦਾ ਡੁੱਬੀ ਸੋਹਣੀ ਦਾ;*
*ਮੰਜ਼ਰ ਦੇਖ ਖ਼ੁਦਾ ਵੀ ਭੁੱਬੀਂ ਰੋਇਆ ਹੈ।*

## ਤਤਕਰਾ


| | | |
|---|---|---|
| * | *ਲਫ਼ਜਾਂ ਦੀ ਆਬਸ਼ਾਰ* | *10* |
| * | *ਬਿਫ਼ਰੇ ਮੌਸਮ (ਵਿਸ਼ਾ ਵਸਤੂ)* | *14* |
| * | *ਪਾਕ-ਸ਼ਫਾਫ ਗ਼ਜ਼ਲਕਾਰਾ* | *18* |
| * | *ਮੈਂ ਤੇ ਮੇਰੀ ਗ਼ਜ਼ਲ* | *19* |
| * | ਕਿਸ ਬਿਰਹਣ ਦੇ ਨੈਣੋਂ | 23 |
| * | ਜਦੋਂ ਵੀ ਆਸ ਦੀਵੇ | 24 |
| * | ਛੋਹੀ ਨਾ ਤੰਦ ਮੁਹੱਬਤ ਦੀ | 26 |
| * | ਇਨਸਾਫ਼ ਦੀ ਆਵਾਜ਼ ਨੂੰ | 27 |
| * | ਸੀਨੇ ਵਿਚ ਕੁਝ ਦਰਦ ਜਿਹੇ ਨੇ | 28 |
| * | ਤੂਫ਼ਾਨ ਤਾਂ ਸੀ ਗੁਜ਼ਰਿਆ ਜਦ | 29 |
| * | ਬਾਰ ਦਿਲਾਂ ਦਾ ਜਦ ਤੋਂ ਸੱਜਣ | 30 |
| * | ਚਿਰਾਗ਼ਾਂ ਦੀ ਕਦੋਂ ਕੀਮਤ ਕਦੇ | 32 |
| * | ਲਾਜ਼ਿਮ ਨਹੀਂ ਤੂਫ਼ਾਨ ਡੋਬਏ | 34 |
| * | ਜਦ ਗਰਦਿਸ਼ਾਂ ਵਿਚ ਘਿਰ ਗਏ | 36 |
| * | ਪਾਣੀ ਤਾਂ ਪਾਣੀ ਨਾਲ ਰਲਕੇ | 38 |
| * | ਜਦ ਅਣਸੁਣੀ ਫ਼ਰਿਆਦ ਦਾ | 39 |
| * | ਰੁੱਖਾਂ ’ਤੇ ਭਾਵੇਂ ਬਦਲਦੇ ਸਾਂ | 40 |
| * | ਪੱਲੇ ਜੇ ਮਿੱਠੇ ਬੋਲ ਨਹੀਂ | 42 |
| * | ਖ਼ਾਮੋਸ਼ ਹੈ ਵੀਰਾਨ ਵੀ | 44 |
| * | ਕੁਝ ਦੌਰ ਗਮਾਂ ਦੇ ਗੁਜ਼ਰ ਗਏ | 46 |
| * | ਖ਼ੁਦ ਤੋਂ ਖ਼ੁਦ ਦੀ ਹੋਂਦ ਚੁਰਾਏ | 47 |
| * | ਭਾਵੇਂ ਥਲਾਂ ਵਿਚ ਸੋੜ ਦੇ | 48 |
| * | ਜਦ ਜ਼ਿੰਦਗੀ ਤੇ ਮੌਤ ਵਿਚ ਸੀ | 49 |
| * | ਬੜੇ ਨਾਜ਼ੁਕ ਬੜੇ ਸੋਹਣੇ | 50 |
| * | ਮਿੱਠਾ ਜਿਹਾ ਇਕ ਦਰਦ ਹੈ | 52 |

| | | |
|---|---|---|
| * | ਖ਼ੁਦ ਸੇਕ ਭਾਵੇਂ ਹਿਜਰ ਦਾ | 53 |
| * | ਦਿਲ ਦਾ ਇਕਤਾਰਾ | 54 |
| * | ਜਦ ਵੀ ਮੁਹੱਬਤ ਵਿਚ ਕਿਤੇ | 55 |
| * | ਮੁਸ਼ਕਿਲ ਬੜਾ ਹੈ ਮਾਨਣਾ | 56 |
| * | ਰਸਤੇ ਵਿਚ ਤੂਫ਼ਾਨ ਰੋਕਣ | 57 |
| * | ਹਰ ਜ਼ਹਿਰ ਗ਼ਮ ਦਾ ਪੀ ਲਿਆ | 58 |
| * | ਪਾਰੇ ਤਰ੍ਹਾਂ ਕਦ ਡੋਲ ਜਾਵੇ | 59 |
| * | ਰਸਤਾ ਮੁਹੱਬਤ ਦੀ ਗਲੀ ਦਾ | 60 |
| * | ਸੂਰਜ ਨਿਗ਼ਲ ਗਈਆਂ ਤਿਰਕਾਲਾਂ | 61 |
| * | ਹੁਣ ਲਾਖ ਦੇ ਜੰਗਲ ਜਿਹਾ | 63 |
| * | ਤੁਲਹਾ ਕਿਤੇ ਬੇੜੀ ਕਿਤੇ | 64 |
| * | ਜਦ ਆਸ ਦਿਲ ਦੇ ਸਾਗਰਾਂ ਵਿਚ | 65 |
| * | ਅਣਸੁਣੀ ਫਰਿਆਦ ਹਾਂ | 66 |
| * | ਮਨ ਮੀਤ ਦਿਲ ਦਾ ਜਾਣ ਕੇ | 67 |
| * | ਘਰਾਂ ਨੂੰ ਬਦਲ ਦਿੱਤਾ ਹੈ | 68 |
| * | ਮੁਹੱਬਤ ਕਤਲ ਹੁੰਦੀ ਹੈ | 69 |
| * | ਸੀ ਦੀਪ ਤੋਂ ਪੁੱਛਿਆ ਕਿਸੇ | 70 |
| * | ਚੜ੍ਹਦੇ ਸਵੇਰੇ ਢਲ ਗਿਆ | 71 |
| * | ਦਿਲ ਵਿਚ ਕੁਝ ਤਾਂ ਦੂਰੀ ਹੈ ਸੀ | 72 |
| * | ਜ਼ਿੰਦਗੀ ਦੇ ਪੈਂਡਿਆਂ ਵਿਚ | 73 |
| * | ਬੇਵਜ੍ਹਾ ਉਹ ਹਰ ਘੜੀ | 74 |
| * | ਭਾਵੇਂ ਨਜ਼ਰ ਗ਼ਰੂਰੀ ਹੈ ਸੀ | 75 |
| * | ਇਸ ਦਿਨ ਦੇ ਵਾਂਗੂੰ ਪਿਆਸਾ | 76 |
| * | ਡਾਢੀ ਸੱਟ ਸੀਨੇ 'ਤੇ ਮਾਰੀ | 78 |
| * | ਇਕੋ ਚਾਲ ਸਮੇਂ ਨੇ ਕਦ ਤਕ | 80 |
| * | ਇਸ ਧਰਤੀ ਉਤਲੀ ਜੰਨਤ ਵਿਚ | 81 |
| * | ਸ਼ਗਨਾਂ ਦੀ ਮਹਿੰਦੀ ਰਚ ਜਾਂਦੀ | 82 |
| * | ਕਿਉਂ ਨਾ ਅੱਖਰ ਅੱਖਰ ਹੋ ਕੇ | 83 |
| * | ਇਤ ਤਾਂਘ ਹੈ ਇਕ ਲੋਚ ਵੀ | 84 |
| * | ਥਾਂ-ਥਾਂ ਪਰਿੰਦੇ ਛੇੜ ਬਹਿੰਦੇ | 86 |

| | | |
|---|---|---|
| * | ਵਿਕਦਾ ਰਿਹਾ ਈਮਾਨ | 87 |
| * | ਜੇ ਪਰ ਕਟਾ ਕੇ ਹੋਂਦ ਅਪਣੀ | 88 |
| * | ਜਦ ਭੁੱਲ ਚੁੱਕੇ ਸਾਂ ਬਹਾਰਾਂ | 90 |
| * | ਮਹਿਫ਼ਲ 'ਚ ਭਾਵੇਂ ਆਣ ਕੇ | 91 |
| * | ਜਿਸ ਚਾਨਣੇ ਦੀ ਤਾਂਘ ਵਿਚ | 92 |
| * | ਚਿੰਤਾ ਦਾ ਮਾਰਾ | 93 |
| * | ਖ਼ਾਮੋਸ਼ ਸੀ ਭਾਵੇਂ ਜ਼ੁਬਾਂ | 94 |
| * | ਦਿਲ ਵਿਚ ਜੋ ਤਸਵੀਰ ਬਣੀ | 95 |
| * | ਨਜ਼ਰਾਂ 'ਚ ਮੰਜ਼ਿਲ ਸੀ | 96 |
| * | ਉਹ ਅਜਬ ਨਜ਼ਾਰਾ | 98 |
| * | ਹਰ ਕਦਮ 'ਤੇ ਤੂਫ਼ਾਨ | 99 |
| * | ਕਿਉਂ ਪਤਝੜਾਂ ਨੂੰ ਆਖਦੈਂ | 100 |
| * | ਬੇਰੰਗ ਹੋਈ ਜ਼ਿੰਦਗੀ ਵਿਚ | 101 |
| * | ਕੁਝ ਸੁਫਨਿਆਂ ਦੇ ਸੁਫਨਿਆਂ ਨੂੰ | 102 |
| * | ਕਿਸੇ ਨਿਰਦੋਸ਼ ਨੂੰ ਜਾਪੇ | 103 |
| * | ਕੁਝ ਸਾਡੀ ਮਜ਼ਬੂਰੀ ਹੈ ਸੀ | 104 |
| * | ਜਦ ਖਿੜਨਗੇ ਮੁਰਝਾਣਗੇ | 105 |
| * | ਹਰ ਇਕ ਸੀਨੇ ਦੇ ਵਿਚ ਦਿਲ | 106 |
| * | ਵੰਡ ਗਏ ਪੰਜਾਬ ਦੀ ਧਰਤੀ | 107 |
| * | ਕਰਕੇ ਮੁਹੱਬਤ ਡਰ ਰਿਹੈਂ | 108 |
| * | ਫੁੱਲਾਂ 'ਚ ਵਸੇ ਮਹਿਕ ਬਣ | 109 |
| * | ਵੰਡਣਗੇ ਕਿਸ ਨੂੰ ਰੌਸ਼ਨੀ | 110 |
| * | ਤੁਰ ਜਾਣਗੇ ਮਹਿਮਾਨ | 111 |
| * | ਹੱਕ ਸੱਚੇ ਇਸ਼ਕ ਦਾ | 112 |
| * | ਨਾ ਗੁਰਬਤਾਂ ਨੇ ਮਾਰਿਆ | 114 |
| * | ਸਾਹਾਂ ਦੀ ਕਸਤੂਰੀ ਵੇਲਾ | 115 |
| * | ਪਰ ਹੀਨ ਪੰਛੀ ਨੂੰ ਖ਼ੁਦਾਇਆ | 117 |
| * | ਦਿਲ ਦਾ ਸ਼ਗੂਫ਼ਾ ਤੋੜ ਕੇ | 118 |
| * | ਕਿਸੇ ਦੇ ਨੂਰ ਦਾ ਜਲਵਾ | 120 |

## ਲ਼ਫਜ਼ਾਂ ਦੀ ਆਬਸ਼ਾਰ

ਮਨੁੱਖੀ ਮਨ ਵਿਚ ਕਈ ਤੈਹਾਂ ਹੁੰਦੀਆਂ ਹਨ। ਹਰ ਇਕ ਤੈਹ ਵਿਚ ਇਕ ਵੱਖਰਾ ਸੰਸਾਰ ਹੁੰਦਾ ਹੈ ਵੱਖਰੀ ਵਸੋਂ ਹੁੰਦੀ ਹੈ। ਹਰ ਇਕ ਤੈਹ ਵਿਚ ਵਸਦੇ ਸੰਸਾਰ ਦੀਆਂ ਆਪਣੀਆਂ ਲੋੜਾਂ, ਥੋੜਾਂ ਆਪਣੀਆਂ ਕਦਰਾਂ ਕੀਮਤਾਂ, ਆਪਣੀਆਂ ਪਸੰਦਾਂ ਹੁੰਦੀਆਂ ਹਨ। ਇਸ ਲਈ ਇਨ੍ਹਾਂ ਤੈਹਾਂ ਵਿਚ ਇਕਸਾਰਤਾ ਨਹੀਂ ਹੁੰਦੀ। ਇਨ੍ਹਾਂ ਤੈਹਾਂ ਦੀਆਂ ਆਪਣੀਆਂ-ਆਪਣੀਆਂ ਰਾਜਧਾਨੀਆਂ ਹੁੰਦੀਆਂ ਹਨ ਅਤੇ ਤੈਹਾਂ ਦੇ ਇਹ ਰਾਜ ਪੂਰੀ ਤਰ੍ਹਾਂ ਖ਼ੁਦਮੁਖਤਾਰ ਹੁੰਦੇ ਹਨ। ਇਨ੍ਹਾਂ ਦੇ ਦੂਜੇ ਰਾਜ ਨਾਲ ਕੋਈ ਨੇੜੇ ਦਾ ਸਬੰਧ ਨਹੀਂ ਹੁੰਦਾ।

ਮਨੁੱਖੀ ਮਨ ਦੀਆਂ ਤੈਹਾਂ ਵਿਚਲੀਆਂ ਇਨ੍ਹਾਂ ਰਾਜਾਂ ਦੇ ਤਖ਼ਤ ਤੇ ਸੁਭਾਇਮਾਨ ਹੋਣ ਵਾਲੇ ਰਾਜਿਆਂ ਦੀ ਗਿਣਤੀ ਪਹਿਲਾਂ ਨੌਂ ਹੁੰਦੀ ਸੀ ਪਰ ਹੁਣ ਇਕ ਹੋਰ ਰਾਜ ਦੀ ਸਥਾਪਨਾ ਵੀ ਹੋ ਗਈ ਹੈ ਇਹ ਦਸੇ ਰਾਜੇ ਆਪਣੇ ਰਾਜਾਂ ਦੇ ਮਾਲਿਕ ਹੁੰਦੇ ਹਨ ਅਤੇ ਇਨ੍ਹਾਂ ਵਿਚ ਕਿਸੇ ਹੱਦ, ਸਰਹੱਦ ਨੂੰ ਲੈ ਕੇ ਕੋਈ ਤਜ਼ਾਦ ਨਹੀਂ ਹੁੰਦਾ। ਹਾਲਾਂਕਿ ਇਨ੍ਹਾਂ ਹੱਦਾਂ ਸਰਹੱਦਾਂ ਵਿਚ ਥੋੜ੍ਹਾ ਬਹੁਤ ਫੇਰ ਬਦਲ ਹੁੰਦਾ ਰਹਿੰਦਾ ਹੈ ਜਿਸ ਨੂੰ ਇਹ ਖਿੜੇ ਮੱਥੇ ਸਵੀਕਾਰ ਕਰ ਲੈਂਦੇ ਹਨ।

ਵਿਦਵਾਨਾਂ ਨੇ ਇਨ੍ਹਾਂ ਰਾਜਿਆਂ ਦੇ ਨਾਮ ਰੱਖੇ ਹੋਏ ਹਨ ਜਿਨ੍ਹਾਂ ਤੋਂ ਇਨ੍ਹਾਂ ਦੇ ਸੁਭਾਅ ਅਤੇ ਪਸੰਦ ਦਾ ਪਤਾ ਲੱਗ ਜਾਂਦਾ ਹੈ। ਪਹਿਲਾ ਨਾਮ ਸ਼ਿੰਗਾਰ ਰਸ ਹੈ। ਇਸ ਦਾ ਸੁਭਾਅ ਇਸ਼ਕੀਆ ਹੈ। ਦੂਜੇ ਦਾ ਨਾਮ ਹਾਸਰਸ ਹੈ ਜਿਸ ਦਾ ਸੁਭਾਅ ਹਾਸਾ ਠੱਠਾ, ਮਖੌਲੀਆ, ਟਿੱਚਰਾਂ ਵਾਲਾ ਹੈ। ਤੀਜੇ ਦਾ ਨਾਮ ਕਰੁਣਾਰਸ ਹੈ। ਇਸ ਦਾ ਸੁਭਾਅ ਦਯਾ, ਤਰਸ ਭਰਿਆ ਹੈ। ਚੌਥੇ ਦਾ ਨਾਮ ਰੌਦਰਰਸ ਹੈ। ਇਸ ਰਾਜੇ ਦਾ ਸੁਭਾਅ ਗੁੱਸੇ ਵਾਲਾ ਹੈ। ਪੰਜਵੇਂ ਰਾਜੇ ਦਾ ਨਾਮ ਵੀਰ ਰਸ ਹੈ। ਇਸ ਦਾ ਸੁਭਾਅ ਲੜਾਕੂ, ਜੋਸੀਲਾ, ਮਰਜੀਵੜਾ ਹੈ। ਛੇਵੇਂ ਦਾ ਨਾਮ ਭਿਆਣਕ ਰਸ ਹੈ। ਇਸ ਦਾ ਸੁਭਾਅ ਖਰ੍ਹਵਾ ਡਰਾਉਣਾ ਹੈ। ਸੱਤਵੇਂ ਦਾ ਨਾਮ ਵੀਭਤਸ ਰਸ ਹੈ। ਇਸ ਦਾ ਸੁਭਾਅ ਮਾੜਾ, ਪਾਪ ਕਰਨ ਵਾਲਾ ਹੈ। ਨੌਂਵੇਂ ਰਾਜੇ ਦਾ ਨਾਮ ਸ਼ਾਂਤ ਰਸ ਹੈ। ਇਸ ਦਾ ਸੁਭਾਅ ਸ਼ਾਂਤ, ਘੱਟ ਬੋਲਣਾ ਅਤੇ ਠਹਿਰਾਓ ਵਾਲਾ ਹੈ। ਦਸਵੇਂ ਰਾਜੇ ਦਾ ਨਾਮ ਵਾਤਸਲਅ ਰਸ ਹੈ ਜਿਸ ਦਾ ਸੁਭਾਅ ਬਾਲਾਂ ਵਰਗਾ, ਬਾਲਾਂ ਨੂੰ ਪਿਆਰ ਕਰਨ ਵਾਲਾ ਅਤੇ ਲੋਰੀਆਂ ਗਾਉਣ ਵਾਲਾ ਹੈ।

ਇਹ ਸਾਰੇ ਰਾਜੇ ਦਿਲ ਦੀਆਂ ਤੈਹਾਂ ਵਿਚਲੀਆਂ ਰਾਜਧਾਨੀਆਂ ਵਿਚ ਵਿਚਰਦੇ ਹਨ। ਇਨ੍ਹਾਂ ਦੀਆਂ ਰਾਜਧਾਨੀਆਂ ਵਿਚ ਜਾਣ ਦਾ ਫ਼ੈਸਲਾ ਮਨੁੱਖੀ ਜੀਭ ਅਤੇ ਕੰਨਾਂ ਨੂੰ ਕਰਨਾ ਪੈਂਦਾ ਹੈ। ਮਨੁੱਖੀ ਸ਼ਰਵਣ ਸ਼ਕਤੀ ਇਨ੍ਹਾਂ ਰਾਜਧਾਨੀਆਂ ਦੇ ਦਰਵਾਜ਼ੇ ਆਪਣੇ ਆਪ ਖੋਲ੍ਹ ਲੈਂਦੀ ਹੈ ਅਤੇ ਮਨੁੱਖੀ ਮਨ ਇਨ੍ਹਾਂ ਵਿਚ ਆਉਣ

ਵਾਲੇ ਹਰ ਮਹਿਮਾਨ ਦਾ ਭਰਪੂਰ ਸਵਾਗਤ ਕਰਦਾ ਹੈ।

ਹਰ ਇਕ ਭਾਸ਼ਾ ਦੇ ਕਾਵਿ ਵਿਚ ਇਨ੍ਹਾਂ ਰਸਾਂ ਦਾ ਸੁਮੇਲ ਹੁੰਦਾ ਹੈ। ਇਨ੍ਹਾਂ ਰਸਾਂ ਨੂੰ ਪ੍ਰਭਾਵੀ ਬਨਾਉਣ ਲਈ ਛੰਦ ਬੱਧ ਕਾਵਿ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ ਕਿਉਂਕਿ ਛੰਦਬੱਧ ਕਾਵਿ ਕੰਨਾਂ ਰਾਹੀਂ ਸਰੋਤੇ ਦੇ ਮਨ ਵਿਚ ਡੂੰਘੀ ਥਾਂ ਬਣਾ ਲੈਂਦਾ ਹੈ। ਉਸ ਦੀਆਂ ਭਾਵਨਾਵਾਂ ਨੂੰ ਟੁੰਬਦਾ ਹੈ, ਜਗਾਉਂਦਾ ਹੈ, ਦੁਲਾਰਦਾ ਹੈ, ਸ਼ਿੰਗਾਰਦਾ ਹੈ।

ਛੰਦਬੱਧ ਕਾਵਿ ਦੀਆਂ ਦਰਜਨਾਂ ਵੰਨਗੀਆਂ ਹਨ ਜਿਨ੍ਹਾਂ ਵਿਚੋਂ ਗ਼ਜ਼ਲ ਦੀ ਵਿਧਾ ਬਹੁਤ ਹੀ ਹਰਮਨ ਪਿਆਰੀ ਹੋ ਨਿੱਬੜੀ ਹੈ। ਗ਼ਜ਼ਲ ਦੀ ਵਿਧਾ ਵਿਚ ਲਿਖਣ ਵਾਲੀਆਂ ਕਲਮਾਂ ਫ਼ਾਰਸੀ, ਉਰਦੂ, ਹਿੰਦੀ, ਪੰਜਾਬੀ, ਡੋਗਰੀ, ਹਰਿਆਣਵੀ, ਰਾਜਸਥਾਨੀ, ਕਸ਼ਮੀਰੀ, ਗੁਜਰਾਤੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਵੀ ਜਲਵੇ ਬਖੇਰ ਰਹੀਆਂ ਹਨ।

ਪੰਜਾਬੀ ਵਿਚ ਗ਼ਜ਼ਲ ਲਿਖਣ ਵਾਲੀਆਂ ਕਲਮਾਂ ਦਾ ਕਾਫ਼ਲਾ ਬਹੁਤ ਵੱਡਾ ਹੈ, ਜੋ ਲਗਾਤਾਰ ਮੰਜ਼ਿਲ ਦਰ ਮੰਜ਼ਿਲ ਤੈਅ ਕਰਦਾ ਜਾ ਰਿਹਾ ਹੈ ਅਤੇ ਪਿੱਛੇ ਆਉਣ ਵਾਲੇ ਕਾਫ਼ਲਿਆਂ ਲਈ ਸੁਚੱਜੀਆਂ ਪੈੜਾਂ ਛੱਡਦਾ ਜਾ ਰਿਹਾ ਹੈ। ਇਨ੍ਹਾਂ ਕਲਮਾਂ ਦੇ ਕਾਫ਼ਲੇ ਵਿਚ ਇਕ ਪਿਆਰਾ ਜਿਹਾ ਨਾਮ ਸ਼੍ਰੀਮਤੀ ਸੁਦਰਸ਼ਨ ਵਾਲੀਆ ਦਾ ਵੀ ਹੈ।

ਹਥਲਾ ਗ਼ਜ਼ਲ ਸੰਗ੍ਰਹਿ 'ਬਿਫ਼ਰੇ ਮੌਸਮ' ਸੁਦਰਸ਼ਨ ਵਾਲੀਆ ਦੇ ਗ਼ਜ਼ਲ ਪੱਥ ਦਾ ਦੂਜਾ ਪੜਾ ਹੈ। ਇਸ ਤੋਂ ਪਹਿਲਾਂ ਇਨ੍ਹਾਂ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਭਿੱਜੇ ਮੌਸਮ ਪੰਜਾਬੀ ਮਾਤ ਭਾਸ਼ਾ ਦੀ ਝੋਲੀ ਦਾ ਸ਼ਿੰਗਾਰ ਬਣ ਚੁੱਕਿਆ ਹੈ ਜਿਸ ਨੂੰ ਸੁਧੀ ਪਾਠਕਾਂ ਨੇ ਬਹੁਤ ਸਲਾਹਿਆ ਹੈ, ਜਿਸ ਨਾਲ ਸੁਦਰਸ਼ਨ ਵਾਲੀਆ ਦਾ ਹੌਂਸਲਾ ਹੋਰ ਬੁਲੰਦ ਹੋਇਆ ਹੈ ਅਤੇ ਇਨ੍ਹਾਂ ਦੀ ਕਲਮ ਨੇ ਹੋਰ ਲੰਮੀਆਂ ਪੁਲਾਘਾਂ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਸੁਦਰਸ਼ਨ ਵਾਲੀਆ ਦੀਆਂ ਗ਼ਜ਼ਲਾਂ ਦੇ ਵਿਸ਼ੇ ਮਨੁੱਖੀ ਸਰੋਕਾਰਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿਚ ਰਵਾਇਤੀ ਵਿਸ਼ੇ ਵੀ ਹਨ ਅਤੇ ਜਟੀਦ ਵੀ। ਕਵਿੱਤਰੀ ਦੇ ਵਿਸ਼ਿਆਂ ਦਾ ਇਹ ਸੁਮੇਲ ਗੁਣਕਾਰੀ ਅਤੇ ਰਾਹਦਸੇਰਾ ਵੀ ਹੈ।

ਵਿਸ਼ੇ ਨੂੰ ਸਾਕਾਰ ਕਰਨ ਲਈ ਜਿਸ ਤਰ੍ਹਾਂ ਦੀ ਭਾਸ਼ਾ ਦੀ ਲੋੜ ਹੁੰਦੀ ਹੈ। ਉਹ ਕਵਿੱਤਰੀ ਨੂੰ ਪ੍ਰਾਪਤ ਹੈ। ਇਨ੍ਹਾਂ ਦੀ ਭਾਸ਼ਾ ਦੇ ਸ਼ਬਦ ਸੌਖੇ, ਸਪਸ਼ਟ ਅਤੇ ਅਰਥ ਭਰਪੂਰ ਹਨ। ਇੰਜ ਜਾਪਦਾ ਹੈ ਕਿ ਭਾਸ਼ਾ ਕਵਿੱਤਰੀ ਨੂੰ ਆਪਣੀ ਸਹੇਲੀ ਸਮਝਦੀ ਹੈ।

ਇਨ੍ਹਾਂ ਦੇ ਸ਼ਬਦਾਂ ਦੀ ਬੈਠਕ ਕਿਸੇ ਰਾਜੇ ਦੇ ਦਰਬਾਰ ਵਰਗੀ ਹੈ ਜਿਥੇ ਵਜ਼ੀਰ ਆਪਣੀ-ਆਪਣੀ ਮਸਨਦ ਤੇ ਬੈਠੇ ਹੋਏ ਦਰਬਾਰ ਦੀ ਰੌਣਕ ਅਤੇ ਇੱਜ਼ਤ ਵਧਾਉਂਦੇ ਹਨ ਜਿਸ ਨਾਲ ਰਾਜੇ ਦਾ ਮਾਣ ਵੀ ਵਧਦਾ ਹੈ।

ਭਾਸ਼ਾ ਵਿਚ ਮੁਹਾਵਰੇ ਦਾ ਆਪਣਾ ਮਹੱਤਵ ਹੈ। ਇਹ ਭਾਸ਼ਾ ਦੇ ਸ਼ਿੰਗਾਰ ਹਨ ਅਤੇ ਇਹ ਵੀ ਕਿਸੇ ਨਵ-ਵਿਆਹੁਤਾ ਦੇ ਸਜੇ ਹੋਏ ਰੂਪ ਵਰਗੇ ਹੁੰਦੇ ਹਨ। ਇਨ੍ਹਾਂ ਨਾਲ ਭਾਸ਼ਾ ਸੁਹਾਗ ਸੇਜ ਤੇ ਬੈਠੀ ਹੋਈ ਦੁਲਹਣ ਦੇ ਆਪਣੇ ਪ੍ਰੀਤਮ ਨਾਲ ਕੀਤੀ ਪਿਆਰ ਭਰੀ ਗੱਲਬਾਤ ਵਰਗੀ ਜਾਪਦੀ ਹੈ। ਜੋ ਕੰਨਾਂ ਰਾਹੀਂ ਦਿਲ ਵਿਚ ਉਤਰ ਕੇ ਅਮਰ ਹੋ ਜਾਂਦੀ ਹੈ। ਮੁਹਾਵਰੇਦਾਰ ਭਾਸ਼ਾ ਆਪਣਾ ਪ੍ਰਭਾਵ ਕਿਸ ਤਰ੍ਹਾਂ ਛੱਡਦੀ ਹੈ ਆਓ ਇਸ ਦਾ ਨਮੂਨਾ ਵੇਖੀਏ :-

ਕਿਸ ਬਿਰਹਣ ਦੇ ਨੈਣੋਂ ਹੰਝੂ ਚੋਇਆ ਹੈ।
ਚਾਰ ਚੁਫੇਰਾ ਜਲਥਲ ਜਲਥਲ ਹੋਇਆ ਹੈ।

ਕਿਵੇਂ ਠੰਢਾ ਕਰੇ ਕੋਈ ਬੁਝਾਵੇ ਅੱਗ ਬੁੱਕਲ ਦੀ;
ਦਿਲਾ! ਪਾਣੀ 'ਚ ਅਗਨੀ ਆਪ ਹੱਥੀਂ ਤੂੰ ਲਗਾਈ ਹੈ।

ਅਜੋਕਾ ਸਮਾਂ ਵਿਗਿਆਨਕ ਸੋਚ ਤੇ ਪਹਿਰਾ ਦੇਣ ਦਾ ਹੈ। ਲਲਿਤ ਕਲਾਵਾਂ ਦੇ ਫਨਕਾਰਾਂ ਵਿਗਿਆਨ ਤੱਥਾਂ ਦੀ ਪਰੋੜ੍ਹਤਾ ਕਰਨੀ ਜ਼ਰੂਰੀ ਹੋ ਗਈ ਹੈ ਪਰ ਜੇਕਰ ਇਹ ਪਰੋੜ੍ਹਤਾ ਕਿਸੇ ਕਵੀ ਜਾਂ ਕਵਿੱਤਰੀ ਨੇ ਕਰਨੀ ਹੋਵੇ, ਖਾਸ ਤੌਰ 'ਤੇ ਕਿਸੇ ਗ਼ਜ਼ਲ ਦੇ ਸ਼ੇਅਰ ਵਿਚ ਤਾਂ ਇਹ ਉਸ ਸ਼ੇਅਰ ਦੇ ਜ਼ੇਵਰ ਜਾਵੇਗੀ। ਸੁਦਰਸ਼ਨ ਵਾਲੀਆ ਨੇ ਪਰੋੜ੍ਹਤਾ ਵੀ ਆਪਣੇ ਅੰਦਾਜ਼ ਵਿਚ ਕੀਤੀ ਹੈ :-

ਕਿਉਂ ਸੱਤ ਸਮੁੰਦਰ ਮਿਲ ਸਕਦੇ;
ਜੇ ਧਰਤੀ ਹੁੰਦੀ ਗੋਲ ਨਹੀਂ।

ਗ਼ਜ਼ਲ ਦ ਇਕ ਖ਼ੂਬੀ ਇਹ ਵੀ ਹੈ ਕਿ ਉਸ ਵਿਚਲੇ ਸ਼ੇਅਰਾਂ ਵਿਚ ਕਨਾਏ ਰਾਹੀਂ ਆਪਣੀ ਗੱਲ ਕਹੀ ਗਈ ਹੋਵੇ। ਇਹ ਇਕ ਲੋੜ ਵੀ ਹੈ ਅਤੇ ਫ਼ਨ ਵੀ। ਹੇਠਲੇ ਸ਼ੇਅਰ ਵਿਚ ਕਵਿੱਤਰੀ ਨੇ ਜਿੱਥੇ ਜ਼ਿਹਾਫ਼ ਦਾ ਲਾਭ ਲਿਆ ਹੈ ਉਥੇ ਕਨਾਏ ਦਾ ਪ੍ਰਯੋਗ ਵੀ ਕੀਤਾ ਹੈ ਜੋ ਸ਼ਲਾਘਾਯੋਗ ਹੈ :-

ਤੂਫ਼ਾਨ ਤਾਂ ਸੀ ਗੁਜ਼ਰਿਆ ਸ਼ਾਇਦ ਦੁਰੇਡਾ ਹੀ ਕਿਤੋਂ;
ਐਪਰ ਪਿਆ ਹੈ ਡੋਲਦਾ ਹਰ ਇਕ ਬਨੇਰਾ ਸ਼ਹਿਰ ਦਾ।

ਸੁਦਰਸ਼ਨ ਵਾਲੀਆ ਨੇ ਹਰ ਤਰ੍ਹਾਂ ਦੀਆਂ ਬਹਿਰਾਂ ਦਾ ਪ੍ਰਯੋਗ ਕੀਤਾ ਹੈ। ਛੋਟੀਆਂ ਬਹਿਰਾਂ ਵਿਚ ਲਿਖੀਆਂ ਬਹੁਤ ਪ੍ਰਭਾਵਸ਼ਾਲੀ ਹਨ। ਇਨ੍ਹਾਂ ਗ਼ਜ਼ਲਾਂ ਦੇ ਸ਼ੇਅਰ ਸੌਖੀ ਜ਼ੁਬਾਨ ਦੀ ਮਿਸਾਲ ਹਨ। ਆਓ ਇਨ੍ਹਾਂ ਦੇ ਦੋ ਮਤਲਿਆਂ ਦਾ ਰਸ ਮਾਣੀਏ :-

ਸੀਨੇ ਦੇ ਵਿਚ ਦਰਦ ਜਹੇ ਨੇ।
ਤਾਂ ਹੀ ਚਿਹਰੇ ਜ਼ਰਦ ਜਹੇ ਨੇ।

ਪੱਲੇ ਜੇ ਮਿੱਠੇ ਬੋਲ ਨਹੀਂ।
ਤਾਂ ਕੁਝ ਵੀ ਤੇਰੇ ਕੋਲ ਨਹੀਂ।

ਸੁਦਰਸ਼ਨ ਵਾਲੀਆ ਦੇ ਸ਼ਬਦਾਂ ਦੀ ਸੁਚੱਜੀ ਬੈਠਕ ਨਾਲ ਸ਼ੇਅਰਾਂ ਦੀ ਖ਼ੂਬਸੂਰਤੀ ਉਜਾਗਰ ਹੁੰਦੀ ਹੈ। ਇਸ ਤਰ੍ਹਾਂ ਦੀ ਖ਼ੂਬਸੂਰਤੀ ਪੈਦਾ ਕਰਨ ਦਾ ਵਲ ਕਵਿੱਤਰੀ ਨੂੰ ਬਾਖ਼ੂਬੀ ਆਉਂਦਾ ਹੈ। ਹੇਠ ਲਿਖੇ ਸ਼ੇਅਰ ਮੇਰੀ ਗੱਲ ਦੀ ਗਵਾਹੀ ਭਰਦੇ ਹਨ :-

ਨਾ ਰੁੱਤ ਬਸੰਤ ਰਹੀ ਆਪਣੀ ਨਾ ਸਾਵਣ ਦਰਸ਼ਨ ਹੋ ਸਕਿਆ;
ਸਿਰ ਲੈ ਫੁਲਕਾਰੀ ਪੱਤਝੜ ਕੀ ਚਾਅ ਮਰ ਗਏ ਨੇ ਗੁਲਜ਼ਾਰਾਂ ਦੇ।

ਰਾਤ ਦਿਨੇਂ ਇਕ ਪੀੜਾ ਝੱਲੀ ਆ ਪੱਤਣ ਤੇ ਬਹਿੰਦੀ ਹੈ,
ਸ਼ਾਇਦ ਸੱਜਣ ਮੋੜ ਲਿਆਵੇ, ਆਉਂਦਾ ਕੋਈ ਪੂਰ ਜਿਹਾ।

ਅਣਸੁਣੀ ਫ਼ਰਿਆਦ ਹਾਂ ਪਾਣੀ ਤੇ ਖਿੱਚੀ ਲੀਕ ਹਾਂ।
ਮੈਂ ਸਮੇਂ ਦੇ ਹਲ਼ਕ ਵਿਚ ਅਟਕੀ ਹੋਈ ਇਕ ਚੀਕ ਹਾਂ।

ਸੁਦਰਸ਼ਨ ਵਾਲੀਆ ਦੀਆਂ ਗ਼ਜ਼ਲਾਂ ਦੇ ਸ਼ੇਅਰ ਫੁੱਲ ਪੱਤੀਆਂ ਤੇ ਪਈ ਤ੍ਰੇਲ ਵਰਗੇ ਹਨ। ਫੁੱਲਾਂ ਤੇ ਬਾਜ਼ਗਸ਼ਤ ਕਰਦੀ ਹੋਈ ਤਿਤਲੀ ਵਰਗੇ ਹਨ। ਸੁਆਂਤੀ ਬੂੰਦ ਦੀ ਉਡੀਕ ਵਿਚ ਮੂੰਹ ਖੋਲ੍ਹੀ ਬੈਠੀ ਸਿੱਪ ਵਰਗੇ ਹਨ। ਕਿਸੇ ਬਿਰਹਣ ਦੀ ਪੀੜ ਨੂੰ ਆਪਣੀ ਰਾਗਨੀ ਵਿਚ ਕੂਹੂ-ਕੂਹੂ ਕਰਦੀ ਕੋਇਲ ਵਰਗੇ ਹਨ। ਮਿਰਗ ਦੀ ਆਪਣੀ ਨਾਭੀ ਵਿਚੋਂ ਆਉਂਦੀ ਮਹਿਕ ਵਰਗੇ ਹਨ। ਬੇਲੇ ਵਿਚ ਮੱਝਾਂ ਚਾਰਦੇ ਹੋਏ 'ਹੀਰ' ਨੂੰ 'ਵਾਜ਼ਾਂ ਮਾਰਦੀ ਹੋਈ ਵੰਝਲੀ ਦੀ ਤਾਨ ਵਰਗੇ ਹਨ। 'ਸੁਹਣੀ' ਦੇ ਆਪਣੇ ਮਹਿਬੂਬ ਨੂੰ ਮਿਲਣ ਲਈ ਮਿੱਟੀ ਦੇ ਘੜੇ ਤੇ ਕੀਤੇ ਭਰੋਸੇ ਵਰਗੇ ਹਨ।

ਮੈਂ ਆਸ ਕਰਦਾ ਹਾਂ ਕਿ ਸੁਦਰਸ਼ਨ ਵਾਲੀਆ ਦੀ ਕਲਮ ਇਸੇ ਤਰ੍ਹਾਂ ਤਬ੍ਹਾ ਅਜ਼ਮਾਈ ਕਰਦੀ ਰਹੇਗੀ ਅਤੇ ਇਨ੍ਹਾਂ ਦੀਆਂ ਗ਼ਜ਼ਲਾਂ ਸੁਧੀ ਪਾਠਕਾਂ ਦੀਆਂ ਆਸਾਂ ਪੂਰਨ ਕਰਨਗੀਆਂ।

ਸਿਵਾ ਸ਼ਾਇਰ ਮੁਸੱਵਿਰ ਕੇ ਕਿਸੀ ਕੋ ਭੀ ਨਹੀਂ ਆਤਾ,
ਕਿਸੀ ਕਾਗ਼ਜ਼ ਸੇ ਰੰਗੋਂ ਕੀ ਜ਼ਬਾਂ ਮੇਂ ਗੁਫ਼ਤਗੂ ਕਰਨਾ।

**ਸਰਦਾਰ ਪੰਛੀ**
ਪੰਜਾਬ ਮਾਤਾ ਨਗਰ
ਲੁਧਿਆਣਾ-141013
0161-2564165
94170-91668

## ਬਿਫ਼ਰੇ ਮੌਸਮ (ਵਿਸ਼ਾ ਤੇ ਵਸਤੂ)

ਸੁਦਰਸ਼ਨ ਵਾਲੀਆ ਬਤੌਰ ਗ਼ਜ਼ਲਗੋ ਹੁਣ ਕਿਸੇ ਜਾਣ ਪਹਿਚਾਣ ਦੀ ਮੁਹਤਾਜ ਨਹੀਂ ਹੈ। ਜੋ ਇਸਦੇ ਹਥਲੇ ਗ਼ਜ਼ਲ ਸੰਗ੍ਰਿਹ ਤੋਂ ਸਪੱਸ਼ਟ ਹੋ ਜਾਂਦਾ ਹੈ। ਸ੍ਰੀ ਦੀਪਕ ਜੈਤੋਈ ਨੇ ਆਪਣੀ ਕਿਤਾਬ 'ਗ਼ਜ਼ਲ ਕੀ ਹੈ' ਵਿਚ ਲਿਖਿਆ ਹੈ ''ਗ਼ਜ਼ਲ ਵਿਚ ਤਗ਼ਜ਼ਲ ਸ਼ੋਖੀ, ਨਖ਼ਰਾ, ਅਦਾ, ਚਿਤਵਨ, ਤੜਪ, ਜਜ਼ਬਾਤ, ਆਪੇ ਦਾ ਪ੍ਰਗਟਾਅ, ਸ਼ਰਮ, ਹਯਾ, ਰੁਸਨ, ਸ਼ਿੰਗਾਰ ਰਸ, ਸੁਡੋਲਤਾ, ਮਟਕ, ਵਿਲੱਖਣਤਾ, ਕੋਮਲਤਾ, ਮੁਹੱਬਤ ਦੀ ਅੱਗ'' ਆਦਿ ਸਾਰੇ ਗੁਣ ਹੋਣੇ ਚਾਹੀਦੇ ਹਨ ਪਰ ਲੱਚਰਤਾ ਜਾਂ ਹੋਛਾਪਣ ਨਹੀਂ ਹੋਣਾ ਚਾਹੀਦਾ ਤੇ ਸੁਦਰਸ਼ਨ ਵਾਲੀਆ ਨੇ ਗ਼ਜ਼ਲ ਬਾਰੇ ਇੰਨੀ ਤਾਂ ਜਾਣਕਾਰੀ ਪਾ ਹੀ ਲਈ ਹੈ ਜਿਸ ਸਦਕਾ ਇਸ ਗ਼ਜ਼ਲ ਸੰਗ੍ਰਿਹ ਵਿਚ ਉਸਨੇ ਆਪਣੀਆਂ ਵੱਖ-ਵੱਖ ਸ਼ਿਅਰਾਂ ਵਿਚ ਉਪਰੋਕਤ ਦਰਸਾਏ ਗ਼ਜ਼ਲ ਦੇ ਗੁਣ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਤੇ ਬਹੁਤ ਹੱਦ ਤੱਕ ਉਸ ਵਿਚ ਕਾਮਯਾਬ ਵੀ ਹੋਈ ਹੈ। ਜਿਨ੍ਹਾਂ ਦਾ ਸਬੂਤ ਹੇਠਾਂ ਲਿਖੇ ਸ਼ਿਅਰਾਂ ਤੋਂ ਮਿਲਦਾ ਹੈ। ਆਪੇ ਦਾ ਪ੍ਰਗਟਾਅ ਤੇ ਜਜ਼ਬਾਤ ਦਰਸਾਉਂਦਾ ਸ਼ਿਅਰ ਹੈ :-

ਸੀਨੇ ਵਿਚ ਕੁਝ ਦਰਦ ਜਿਹੇ ਨੇ;
ਤਾਂ ਹੀ ਚਿਹਰੇ ਜ਼ਰਦ ਜਿਹੇ ਨੇ।
ਲੱਖ ਚਾਹੋ ਤਾਂ ਛੰਡ ਨਹੀਂ ਹੁੰਦੇ,
ਦੁਸ਼ਮਣ ਦੋਸਤ ਗਰਦ ਜਿਹੇ ਨੇ।

ਮੁਹੱਬਤ ਦੀ ਅੱਗ ਤੇ ਚਿਤਵਨ ਦਰਸਾਉਂਦਾ ਸ਼ਿਅਰ ਹੈ:

ਹਮਦਰਦ ਦਿਲ ਦਾ ਜਾਣ ਕੇ ਸੀ ਰਾਜ਼ ਦਿਲ ਦਾ ਕਹਿ ਲਿਆ;
ਜੇ ਜਾਣਦੀ ਜੱਗ ਹੱਸਣੈ ਕਿਉਂ ਹਾਲ ਦਿਲ ਦਾ ਫੋਲਦੀ।

ਤੜਪ ਤੇ ਦਿੀ ਜਜ਼ਬਾਤ ਦਸਾਉਂਦਾ ਸ਼ਿਅਰ ਹੈ:

ਅਣਸੁਣੀ ਫਰਿਆਦ ਹਾਂ ਪਾਣੀ 'ਤੇ ਖਿੱਚੀ ਲੀਕ ਹਾਂ;
ਮੈਂ ਸਮੇਂ ਦੇ ਹਲਕ ਵਿਚ ਅਟਕੀ ਕਿਤੇ ਇਕ ਚੀਕ ਹਾਂ।
ਛੋਹ ਲਈ ਇਕ ਵਾਰ ਜੋ ਨਾ ਖ਼ਤਮ ਹੋਈ ਫਿਰ ਕਦੇ;
ਹਿਜ਼ਰ ਦੀ ਪੂਣੀ ਤਰ੍ਹਾਂ ਅੰਤਹੀਨ ਉਡੀਕ ਹਾਂ।

ਜੇਕਰ ਇਸ ਨੇ ਗਿਲ਼ੇ ਸ਼ਿਕਵੇ ਦਾ ਪ੍ਰਗਟਾਵਾ ਵੀ ਕੀਤਾ ਹੈ ਤਾਂ ਉਹ ਵੀ ਕਿਸੇ ਮਨੁੱਖ ਤੇ ਨਹੀਂ ਸਗੋਂ ਰੱਬ 'ਤੇ :-

ਕਿਸ ਅਰਥ ਇਬਾਦਤ ਉਸ ਰੱਬ ਦੀ;
ਜੋ ਭਰਦਾ ਖਾਲੀ ਝੋਲ ਨਹੀਂ।

ਜੇ ਪਾਕੀਜ਼ਗੀ ਤੇ ਸੁਡੋਲਤਾ ਦਾ ਵਰਨਣ ਵੀ ਕੀਤਾ ਹੈ ਤਾਂ ਕੁਝ ਇਸ ਤਰ੍ਹਾਂ:-

ਇਹ ਜ਼ਹਿਰ ਪਿਆਲਾ ਮੌਤ ਦੇਵੇ ਸਿਰਫ਼ ਤਨ ਦੀ ਹੋਂਦ ਨੂੰ;
ਰੂਹ ਦੀ ਮੁਹੱਬਤ ਨੂੰ ਕਦੇ ਨਾ ਮਾਰ ਸਕਦਾ ਜ਼ਲਜ਼ਲਾ।

ਆਪਣੇ ਪਿਆਰੇ ਨਾਲ ਸ਼ੋਖ ਦੀ ਅਦਾ ਵੀ ਕੁਝ ਇਵੇਂ ਹੀ ਦਰਸਾ ਕੇ ਲਿਖਦੀ ਹੈ:-

'ਦਰਸ਼ਨ' ਮੁਹੱਬਤ ਨੂੰ ਜਦੋਂ ਬਦਨਾਮ ਕਰਕੇ ਧਰ ਗਿਓ;
ਫਿਰ ਘਾਟ ਦੇ ਨਾ ਹੀ ਕਿਤੇ ਘਰ ਦੇ ਰਹੇ ਸਾਂ ਦੋਸਤਾ।

ਜਿੱਥੋਂ ਤੱਕ ਮੁਹੱਬਤ ਦੀ ਅੱਗ ਤੇ ਇਸ਼ਕ ਮਿਜ਼ਾਜੀ ਦਾ ਜਜ਼ਬਾ ਹੈ ਉਸ ਦੇ ਲਈ ਸ਼ਾਇਦ ਹੀ ਕੋਈ ਗ਼ਜ਼ਲ ਹੋਵੇ ਜਿਸ ਵਿਚ ਇਸਦਾ ਜ਼ਿਕਰ ਨਾ ਆਇਆ ਹੋਵੇ। ਇਸ ਸੰਗ੍ਰਹਿ ਵਿਚ ਸੁਦਰਸ਼ਨ ਨੇ ਸੱਚਾ ਇਸ਼ਕ ਕਮਾਉਣ ਵਾਲੇ ਸਾਰੇ ਆਸ਼ਕਾਂ ਦੀ ਗੱਲ ਕੀਤੀ ਹੈ ਜਿਨ੍ਹਾਂ ਵਿਚ ਹੀਰ-ਰਾਂਝਾ ਸੋਹਣੀ-ਮਹੀਵਾਲ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾ ਵਗ਼ੈਰਾ ਦਾ ਜ਼ਿਕਰ ਬਾਖ਼ੂਬੀ ਕੀਤਾ ਹੈ। ਮਿਸਾਲ ਵਜੋਂ ਹੇਠ ਲਿਖੇ ਸ਼ਿਅਰ ਹੀ ਕਾਫ਼ੀ ਹਨ :

ਕੀ ਦੋਸ਼ ਡਾਚੀ ਦਾ ਨਸੀਬਾ ਵਿਗੜਿਆ ਸੀ ਆਪਣਾ;
ਤਾਂ ਹੀ ਨਿਮਾਣੇ ਇਸ਼ਕ ਨੂੰ ਪਿਆਸੇ ਥਲਾਂ ਨੇ ਮਾਰਿਆ।

ਝਨਾਂ ਵਿਚ ਇਸ਼ਕ ਦੀ ਬਣਦੀ ਕਿਵੇਂ ਫਿਰ ਦਾਸਤਾਂ ਕੋਈ;
ਤੁਫ਼ਾਨਾਂ ਨਾਲ ਜੇ ਕੱਚਾ ਕਿਤੇ ਨਾ ਰਲ ਗਿਆ ਹੁੰਦਾ।

ਕਿਦੇ ਪੁੰਨੂੰ ਲਈ ਮਰਦੀ ਨਾ ਪਿਆਸੀ ਹੋਂਦ ਸੱਸੀ ਦੀ;
ਪਿਲਾ ਕੇ ਨੀਰ ਜੇ ਠੰਢਾ ਕਿਤੋਂ ਤਾਂ ਥਲ ਗਿਆ ਹੁੰਦਾ।

ਇਸ਼ਕ ਦੀ ਫ਼ਾਰਸੀ ਵਿਚਲੀ ਮੁਢਲੀ ਪ੍ਰੀਭਾਸ਼ਾ ਤੋਂ ਇਲਾਵਾ ਅੱਜ ਦੀ ਗ਼ਜ਼ਲ ਇਸ਼ਕ ਤੋਂ ਇਕੱਲਤਾ, ਇਤਿਹਾਸਿਕ ਪਿਛੋਕੜ, ਰੋਜ਼ਾਨਾ-ਜ਼ਿੰਦਗੀ ਦੇ ਮਸਲੇ ਸਿਆਸਤ, ਮਹਿੰਗਾਈ, ਬਹੁ-ਚਰਚਿਤ ਵਿਸ਼ੇ ਭਰੂਣ ਹੱਤਿਆ ਬਾਰੇ ਵੀ ਸ਼ਿਅਰ ਇਨ੍ਹਾਂ ਗ਼ਜ਼ਲਾਂ 'ਚੋਂ ਮਿਲਦੇ ਹਨ। ਮਿਥਿਹਾਸਿਕ ਪਿਛੋਕੜ ਦਰਸਾਉਂਦਾ ਸ਼ਿਅਰ ਹੈ:

ਦਾਗ ਮੱਥੇ ਦਾ ਧੋ ਨਾ ਸਕਿਆ ਜੁੱਗਾਂ ਤੀਕਰ ਇੰਦਰ ਵੀ;
ਨਾਰ ਪਰਾਈ ਭੋਗਣ ਨੂੰ ਜੋ ਰੂਪ ਰਿਸ਼ੀ ਦਾ ਧਾਰ ਗਿਆ।

ਅੱਜ ਕੱਲ੍ਹ ਦੇ ਨੌਜਵਾਨ ਨਸ਼ਿਆਂ ਵਿਚ ਗਲਤਾਨ ਹੋ ਰਹੇ ਹਨ ਜਿਨ੍ਹਾਂ ਨੂੰ ਸੁਚੇਤ ਕਰਨ ਲਈ ਸੁਦਰਸ਼ਨ ਲਿਖਦੀ ਹੈ:

ਆਖ਼ਿਰ ਨੂੰ ਗ਼ਮ ਦੇ ਸਾਗਰ ਵਿਚ ਇਸ ਡੋਬ ਜਵਾਨੀ ਨੂੰ ਜਾਣੈ,
ਫਿਰ ਕਿਉਂ ਨਸ਼ੇ ਦੀ ਇੱਲਤ ਨੂੰ ਗਮਖ਼ਾਰ ਬਣਾਈ ਫਿਰਦੇ ਹਾਂ।

ਭੁੱਖਾਂ ਤੇ ਦੁੱਖਾਂ ਦੇ ਸਤਾਏ ਕਿਸਾਨ ਕਰਜ਼ਿਆਂ ਦੇ ਬੋਝ ਹੇਠਾਂ ਅੱਜਕੱਲ੍ਹ ਖ਼ੁਦਕੁਸ਼ੀਆਂ ਕਰਨ ਨੂੰ ਮਜ਼ਬੂਰ ਹਨ ਪਰ ਕੁਝ ਸ਼ਾਤਿਰ ਲੋਕ ਉਨ੍ਹਾਂ ਦੀ ਕਮਾਈ ਖਾਈ ਤੇ ਲੁੱਟੀ ਜਾ ਰਹੇ ਹਨ। ਸ਼ਿਅਰ ਹੈ :

ਭੁੱਖਾ ਮਰੇ ਦਿਨ ਰਾਤ ਦਾਤਾ ਅੰਨ ਦਾ,
ਰੱਜਿਆ ਫਿਰੇ ਸ਼ੈਤਾਨ ਤੇਰੇ ਸ਼ਹਿਰ ਦਾ।

ਸਿੱਖ ਧਰਮ ਵਿਚ ਕਥਨੀ ਅਤੇ ਕਰਨੀ ਵਿਚ ਫ਼ਰਕ ਨਹੀਂ ਰੱਖਿਆ ਜਾਂਦਾ। ਜਿਸ ਵਾਸਤੇ ਗੁਰੂ ਸਾਹਿਬ ਨੇ ਖ਼ੁਦ ਤਸੀਹੇ ਜਰ ਲਏ ਪਰ ਜ਼ੁਲਮ ਅੱਗੇ ਝੁਕੇ ਨਹੀਂ ਇਸ ਸਬੰਧੀ ਸ਼ਿਅਰ ਹੈ :

ਤੱਤੀ ਤਵੀ 'ਤੇ ਬੈਠ ਕੇ ਭਾਣਾ ਸੀ ਮਿੱਠਾ ਮੰਨਿਆ;
ਅਨਮੋਲ ਪੈੜਾਂ ਪਾਉਣ ਦਾ ਗੁਰ ਸਿਖਾਉਂਦੇ ਹੀ ਰਹੇ।

ਦੇਸ਼ ਦੀ ਵੰਡ ਦਾ ਜ਼ਿਕਰ ਵੀ ਬੜੇ ਸੁਚੱਜੇ ਢੰਗ ਨਾਲ ਕਰਦੀ ਹੈ:

ਸਾਝਾਂ ਦੀ ਇਕ ਜੋਤ ਜਗਾਈ ਜਿਸ ਥਾਂ ਬਾਬੇ ਨਾਨਕ ਨੇ;
ਉਸ ਧਰਤੀ ਨੂੰ ਦੇ ਗਿਆ ਜ਼ਾਲਿਮ ਤੋਹਫ਼ਾ ਦੋ-ਦੋ ਨਾਵਾਂ ਦਾ।

ਸੁਨਾਮੀ ਲਹਿਰਾਂ ਨਾਲ ਹੋਈ ਤਬਾਹੀ ਦਾ ਜ਼ਿਕਰ ਵੀ ਬਾਖ਼ੂਬ ਕੀਤਾ ਹੋਇਆ ਮਿਲਦਾ ਹੈ। ਅੱਜਕੱਲ੍ਹ ਭਰੂਣ-ਹੱਤਿਆ ਦਾ ਵਿਸ਼ਾ ਵੀ ਬੜਾ ਚੁਣੌਤੀ ਭਰਿਆ ਹੈ ਜੋ ਕਿਧਰੇ ਮਾਂ ਦੀ ਸਹਿਮਤੀ ਦੇ ਕਿਧਰੇ ਅਸਹਿਮਤੀ ਨਾਲ ਅਮਲ ਵਿਚ ਆ ਰਿਹਾ ਹੈ। ਇਸ ਬਾਰੇ ਇਕ ਛੋਟੀ ਬਹਿਰ ਦੀ ਗ਼ਜ਼ਲ ਵਿਚ ਇਸ ਤਰ੍ਹਾਂ ਜ਼ਿਕਰ ਕੀਤਾ ਹੈ:

ਬੇਦਰਦੀ ਮਾਪੇ ਕੀ ਕਰਦੇ ਕਾਰਾ;
ਕੁੱਖਾਂ ਨੇ ਕਬਰਾਂ ਤੇ ਪਿਉ ਹਤਿਆਰਾ।

ਸੁਦਰਸ਼ਨ ਨੇ ਆਪਣੀਆਂ ਗ਼ਜ਼ਲਾਂ ਵਿਚ ਮੁਹਾਵਰੇ, ਅਖਾਉਤਾਂ, ਪੇਂਡੂ ਤੇ ਸ਼ਹਿਰੀ ਸ਼ਬਦਾਵਲੀ ਦੀ ਖ਼ੂਬ ਵਰਤੋਂ ਕੀਤੀ ਹੈ। ਉਸ ਕੋਲ ਸ਼ਬਦਾਵਲੀ ਦਾ ਅਥਾਹ ਭੰਡਾਰ ਹੈ। ਉਸ ਕੋਲ ਸ਼ਿਅਰਾਂ ਲਈ ਵਿਸ਼ਿਆਂ ਦੀ ਕਮੀ ਵੀ ਨਹੀਂ ਹੈ। ਧਰਮ ਦੀ ਕੱਟੜਤਾ ਤੇ ਚੋਟ ਕਰਦੀ ਹੈ:

ਲੱਖਾਂ ਵਜਾਏ ਟੱਲ ਪਰ ਨਾ ਜਾਗਿਆ;
ਪੱਥਰ ਜੁ ਸੀ ਭਗਵਾਨ ਤੇਰੇ ਸ਼ਹਿਰ ਦਾ।

ਆਧੁਨਿਕਤਾ ਦੇ ਨੰਗੇਜ਼ ਤੇ ਕਟਾਖਸ਼ ਕੁਝ ਇਸ ਤਰ੍ਹਾਂ ਕਰਦੀ ਹੈ:

ਤਨ ਝਾਕੇ ਪਾਟੇ ਕੱਜਣ 'ਚੋਂ, ਸਮਝੇ ਗੁਰਬਤ ਦੀ ਮਜਬੂਰੀ;
ਪਰ ਤਨ ਤੋਂ ਸਰਕੇ ਕਿਉਂ ਲੀੜੇ ਹੁਣ ਦੌਲਤ ਮੰਦ ਮੁਟਿਆਰਾਂ ਦੇ।

ਹੋਰ ਵੀ ਅਨੇਕ ਵਿਸ਼ਿਆਂ ਨੂੰ ਛੂਹਿਆ ਹੈ। ਥਾਂ-ਥਾਂ ਖਿੱਲਰੇ ਮੋਤੀ ਪਾਠਕ ਆਪੇ ਘੋਖ ਲੈਣਗੇ। ਪਰ ਜਾਂਦੇ-ਜਾਂਦੇ ਇਕ ਗੱਲ ਚੰਡੀਗੜ੍ਹ ਦੇ ਜ਼ਿਕਰ ਬਾਰੇ ਕਰਨੀ ਹੈ। ਮੇਰਾ ਇਕ ਗੀਤ ਹੈ:

ਚੰਡੀਗੜ੍ਹ ਪੱਥਰਾਂ ਦਾ ਸ਼ਹਿਰ;
ਪੱਥਰ ਦਿਲ ਲੋਕਾਂ ਦੀ ਥਾਂ।

ਪਰ ਸੁਦਰਸ਼ਨ ਲਿਖਦੀ ਹੈ-

ਕਿਵੇਂ ਲੋਕੀ ਪਏ ਆਖਣ ਇਸੇ ਨੂੰ ਸ਼ਹਿਰ ਪੱਥਰ ਦਾ,
ਗੁਲਾਬਾਂ ਮਹਿਕ ਦੇ ਡੇਰੇ ਜਦੋਂ ਇਸ ਵਿਚ ਲਗਾਏ ਨੇ।

ਫ਼ਰਕ ਇੰਨਾ ਹੀ ਹੈ ਜਦੋਂ ਮੈਂ ਇਹ ਗੀਤ ਲਿਖਿਆ ਸੀ ਉਦੋਂ ਚੰਡੀਗੜ੍ਹ ਵਿਚ ਰੋਜ਼ ਗਾਰਡਨ ਨਹੀਂ ਸੀ ਪਰ ਹੁਣ ਮੌਜੂਦ ਹੈ। ਖ਼ੈਰ ਵਕਤ ਦੇ ਤਕਾਜ਼ੇ ਨੂੰ ਮੁੱਖ ਰੱਖਦੇ ਹੋਏ ਮੈਂ ਇਸ ਗ਼ਜ਼ਲ ਸੰਗ੍ਰਹਿ ਬਾਰੇ ਕਹਿ ਸਕਦਾ ਹਾਂ ਕਿ ਸੁਦਰਸ਼ਨ ਵਾਲੀਆ ਸਫ਼ਲ ਗ਼ਜ਼ਲਗੋ ਦੀ ਕਤਾਰ ਵਿਚ ਸ਼ਾਮਲ ਕੀਤੀ ਜਾ ਸਕਦੀ ਹੈ ਤੇ ਇਸ ਸੰਗ੍ਰਹਿ ਲਈ ਵਧਾਈ ਦਿੰਦਾ ਹਾਂ।

**ਜੋਗਿੰਦਰ ਸਿੰਘ ਰੈਂਖ**
ਮੈਂਬਰ ਜਨਰਲ ਕੌਂਸਲ ਤੇ ਐਡਵਾਇਜ਼ਰੀ ਬੋਰਡ
ਪੰਜਾਬੀ ਸਾਹਿਤ ਅਕਾਡਮੀ
ਨਵੀਂ ਦਿੱਲੀ।
98724-67686

ਮਿਤੀ : 18.05.2011

## ਪਾਕ-ਸ਼ਫਾਫ਼ ਗ਼ਜ਼ਲਕਾਰਾ

ਸੁਦਰਸ਼ਨ ਵਾਲੀਆ ਪੰਜਾਬੀ ਗ਼ਜ਼ਲ ਦੀ ਰਚਨਾ ਕਰਨ ਵਾਲੀ ਪੁਰਾਣੀ ਕਲਮਕਾਰਾ ਹੈ। ਪੰਜਾਬੀ ਗ਼ਜ਼ਲ ਵਿਚ ਇਸਤਰੀ ਗ਼ਜ਼ਲਕਾਰਾਂ ਦੀ ਕਮੀ ਵੇਲੇ ਉਸ ਦੀ ਹਾਜ਼ਰੀ ਭਰਪੂਰ ਰਹੀ ਹੈ। ਵਾਲੀਆ ਕੋਲ ਸ਼ਹਿਰੀ ਸਭਿਆਚਾਰ ਤਾਂ ਹੈ ਹੀ ਪਰ ਉਹ ਪੇਂਡੂ ਲਬੋ-ਲਹਿਜ਼ੇ ਦੀ ਵੀ ਗਿਆਤਾ ਹੈ। ਉਸ ਕੋਲ ਸ਼ਬਦਾਂ ਦਾ ਵੱਡਾ ਸੰਸਾਰ ਹੈ। ਜਿਸ ਨਾਲ ਉਹ ਗ਼ਜ਼ਲ ਦੀ ਫੁੱਲਕਾਰੀ ਬੜੀ ਬਾਰੀਕੀ ਅਤੇ ਸੁਚੱਜਤਾ ਨਾਲ ਕੱਢਦੀ ਹੈ। ਸੁਦਰਸ਼ਨ ਵਾਲੀਆ ਦੇ ਸ਼ਿਅਰ ਬਗ਼ਾਵਤੀ ਸੁਰ ਵਾਲੇ ਅਤੇ ਸ਼ਾਂਤ ਸੁਭਾਅ ਵਾਲੇ ਹਨ। ਉਹ ਗ਼ਜ਼ਲਾਂ ਰਾਹੀਂ  ਐਸਾ ਸੰਸਾਰ ਰਚਣ ਦੀ ਕੋਸ਼ਿਸ਼ ਕਰਦੀ ਹੈ ਜਿਸ ਵਿਚ ਸਾਰੇ ਆਪਣੀਆਂ ਇਛਾਵਾਂ ਮੁਤਾਬਿਕ ਰਹਿ ਸਕਣ। ਵਾਲੀਆ ਦੀ ਆਪਣੀ ਸਖ਼ਸੀਅਤ ਵੀ ਉਸ ਦੇ ਸ਼ਿਅਰਾਂ ਵਰਗੀ ਹੈ-ਉਹ ਬੇਬਾਕ ਅਤੇ ਅੰਦਰੋਂ ਪਾਕਿ-ਸ਼ਫਾਫ਼ ਹੈ। ਇਹ ਵੀ ਵਧੀਆ ਗੱਲ ਹੈ ਉਸ ਨੂੰ ਫ਼ਰਾਜ਼ ਵਰਗਾ ਜੀਵਨ ਸਾਥੀ ਮਿਲਿਆ ਹੈ ਜੋ ਖ਼ੁਦ ਇਕ ਅੱਛਾ ਗ਼ਜ਼ਲਗੋ ਹੈ। ਸੁਦਰਸ਼ਨ ਵਾਲੀਆ ਨੇ ਉਸਤਾਦ ਸ਼ਾਇਰ ਗੁਰਦਿਆਲ ਸਿੰਘ ਆਰਿਫ਼ ਤੋਂ ਕੁਝ ਚਿਰ ਰਾਇ ਲਈ ਹੈ ਉਸ ਨੂੰ ਅਜਿਹੇ ਸ਼ਾਇਰ ਦਾ ਸਾਥ ਹੋਰ ਮਿਲਦਾ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੁੰਦੀ। ਉਂਝ ਸੁਦਰਸ਼ਨ ਵਾਲੀਆ ਦੀ ਗ਼ਜ਼ਲਗੋਈ ਨੇ ਮੈਨੂੰ ਕਾਫ਼ੀ ਪ੍ਰਭਾਵਤ ਕੀਤਾ ਹੈ। ਉਸ ਦੀ ਨਵੀਂ ਪੁਸਤਕ ਨੂੰ ਮੈਂ ਪੜ੍ਹਿਆ ਹੈ ਅਤੇ ਉਸ ਦੇ ਸ਼ਿਅਰਾਂ ਦੀ ਪੇਂਡੂ ਸ਼ਬਦਾਵਲੀ ਮੈਨੂੰ ਵਧੇਰੇ ਪਸੰਦ ਆਈ ਹੈ। ਮੈਨੂੰ ਆਸ ਹੈ ਇਸ ਸੰਗ੍ਰਹਿ ਨੂੰ ਗ਼ਜ਼ਲ ਦੇ ਪਾਠਕ ਦਿਲੋਂ ਪਸੰਦ ਕਰਨਗੇ।

**ਗੁਰਦਿਆਲ ਰੌਸ਼ਨ**

# ਮੈਂ ਤੇ ਮੇਰੀ ਗ਼ਜ਼ਲ

ਮਸਤਕ ਦੀ ਪਟਾਰੀ ਵਿਚ ਸਾਂਭੇ ਸ਼ਬਦਾਂ ਦੇ ਮੋਤੀ ਸ਼ਿਅਰਾਂ ਵਿਚ ਪਰੋ ਕੇ ਇਕ ਵਾਰੀ ਫੇਰ ਰੱਬ ਵਰਗੇ ਸਰੋਤਿਆਂ, ਪਾਠਕਾਂ ਬੁੱਧੀਜੀਵੀਆਂ ਤੇ ਅਲੋਚਕਾਂ ਦੇ ਸਨਮੁਖ ਹਾਜ਼ਰ ਹਾਂ। ਭਾਵੇਂ ਪਾਠਕ ਮੇਰੀਆਂ ਦੋ ਪੁਸਤਕਾਂ 'ਪਹਿਲੀ ਫ਼ੁਹਾਰ' ਕਾਵਿ ਸੰਗ੍ਰਹਿ ਅਤੇ 'ਭਿੱਜੇ ਮੌਸਮ' ਗ਼ਜ਼ਲ ਸੰਗ੍ਰਹਿ ਦਾ ਆਨੰਦ ਮਾਣ ਚੁੱਕੇ ਹਨ ਫਿਰ ਵੀ ਇਸ ਨਵੇਂ ਗ਼ਜ਼ਲ ਸੰਗ੍ਰਹਿ 'ਬਿਫ਼ਰੇ ਮੌਸਮ' ਨਾਲ ਫੇਰ ਤੋਂ ਹਾਜ਼ਰੀ ਲਗਵਾ ਰਹੀ ਹਾਂ। ਆਸ ਕਰਦੀ ਹਾਂ ਇਸ ਨਵੇਂ ਸੰਗ੍ਰਹਿ ਨੂੰ ਵੀ ਪਾਠਕਾਂ ਵੱਲੋਂ ਹਾਂ ਪੱਖੀ ਹੁੰਗਾਰਾ ਹੀ ਮਿਲੇਗਾ।

ਕੁਝ ਕੁ ਪਾਠਕ ਸ਼ਾਇਦ ਗ਼ਜ਼ਲ ਸੰਗ੍ਰਹਿ 'ਬਿਫ਼ਰੇ ਮੌਸਮ' ਦੇ ਨਾਮ 'ਤੇ ਹੈਰਾਨੀ ਵੀ ਪ੍ਰਗਟ ਕਰਨਗੇ। ਗ਼ਜ਼ਲ ਵਰਗੀ ਸਿਨਫ਼ ਦੇ ਪੁਰਾਤਨ ਸਰੋਕਾਰਾਂ, ਰੁਮਾਂਸ, ਵਿਛੋੜਾ, ਵਫ਼ਾ, ਜਫ਼ਾ, ਗੁਲ ਗੁਲਸ਼ਨ, ਕਫ਼ਸ ਬੁਲਬੁਲ ਵਗੈਰਾ-ਵਗੈਰਾ ਵਰਗੇ ਨਾਵਾਂ ਨੂੰ ਹੀ ਸਾਰਥਿਕ ਮੰਨਦੇ ਹੋਣਗੇ ਪਰ ਮੇਰੀ ਗ਼ਜ਼ਲ ਪੁਰਾਣੇ ਪਰੀਪੇਖ ਦੇ ਨਾਲ-ਨਾਲ ਜੀਵਨ ਦੇ ਹੋਰਨਾਂ ਮਸਲਿਆਂ ਅਤੇ ਨਵੇਂ ਯੁੱਗ ਦੇ ਸਰੋਕਾਰਾਂ ਨੂੰ ਨਾਲ ਲੈ ਕੇ ਤੁਰਦੀ ਹੈ। ਤਪਦੇ ਮੌਸਮ ਵਿਚ 'ਪਹਿਲੀ ਫ਼ੁਹਾਰ' ਜਿੱਥੇ ਸਕੂਨ ਤੇ ਆਨੰਦ ਦਿੰਦੀ ਹੈ ਉਥੇ ਤਨ ਮਨ ਤੇ ਧਰਤ ਦੇ ਮੌਲਣ ਵਿਚ ਵੀ ਸਹਾਈ ਹੁੰਦੀ ਹੈ। ਸਾਵਣ ਦੀਆਂ ਤੇਜ਼-ਫੁਹਾਰਾਂ ਜਿੱਥੇ ਬਨਸਪਤੀ ਦੇ ਮੁੱਖ ਧੋ ਜਾਂਦੀਆਂ ਹਨ ਉਥੇ ਰੂਹਾਂ ਤੱਕ ਭਿੱਜਿਆ ਇਨਸਾਨ ਤੇ ਧਰਤੀ, ਜੀਅ ਜੰਤ ਸਭ ਖ਼ੁਸ਼ੀਆਂ ਵਿਚ ਭਰ ਜਾਂਦੇ ਹਨ। ਸੋ 'ਪਹਿਲੀ ਫ਼ੁਹਾਰ' ਤੋਂ ਭਿੱਜੇ ਮੌਸਮ ਤੱਕ ਦਾ ਸਫ਼ਰ ਤੈਅ ਕਰਨ ਪਿੱਛੋਂ ਬੱਦਲਾਂ ਦੀ ਰੁੱਤ ਵਿਚ ਇਕ ਅਜਿਹਾ ਸਮਾਂ ਵੀ ਆਉਂਦਾ ਹੈ ਜਦੋਂ ਮੌਸਮ ਆਪਾ ਖੋ ਜਾਂਦਾ ਹੈ। ਫਿਰ ਆਨੰਦ ਤੇ ਸਕੂੰਨ ਖ਼ੁਸ਼ੀਆਂ ਤੇ ਖੇੜੇ ਸਭ 'ਪਰ' ਲਗਾ ਕੇ ਉੱਡ ਜਾਂਦੇ ਹਨ ਤੇ ਦੁੱਖਾਂ ਦਰਦਾਂ ਤੇ ਹਉਕਿਆਂ ਦੇ ਨਾਲ ਇਨਸਾਨ ਦਾ ਵਾਸਤਾ ਪੈ ਜਾਂਦਾ ਹੈ। ਜੀਵਨ ਰੂਪੀ ਸਾਵਣ ਦੇ ਇਸ ਤੀਜੇ ਪੜਾਅ ਨਾਲ ਵੀ ਬਾ-ਵਾਸਤਾ ਹੋਣ ਦਾ ਨਾਮ ਹੀ 'ਬਿਫ਼ਰੇ ਮੌਸਮ' ਹੈ। ਸਾਵਣ ਵਿਚ ਸਰਾਬੋਰ ਹੋਈ ਕਾਇਨਾਤ ਨੂੰ ਜਦ ਮੌਸਮ ਝੰਜੋੜਦੇ ਹਨ ਤਾਂ ਸਭ 'ਤੇ ਕੀ ਬੀਤਦੀ ਹੈ ਸਭ ਚੰਗੀ ਤਰ੍ਹਾਂ ਜਾਣਦੇ ਹੀ ਹਨ। ਸੋ ਜ਼ਿੰਦਗੀ ਦੇ ਕੌੜੇ ਕੁਸੈਲੇ ਤਜ਼ਰਬਿਆਂ ਦੇ ਨਾਲ-ਨਾਲ ਜੀਵਨ ਦੇ ਬਾਕੀ ਰੰਗ ਵੀ ਨਾਲ ਲੈ ਕੇ ਤੁਰਦੇ ਇਸ ਗ਼ਜ਼ਲ ਸੰਗ੍ਰਹਿ ਦਾ ਨਾਮ 'ਬਿਫ਼ਰੇ ਮੌਸਮ' ਰੱਖ ਕੇ ਮੇਰੀ ਜਾਚੇ ਮੈਂ ਕੋਈ ਗੁਸਤਾਖੀ ਨਹੀਂ ਕੀਤੀ ਤੇ ਪਾਠਕ ਵੀ ਇਸ ਨਾਮ ਨੂੰ ਸਹਿਜ ਰੂਪ ਵੀ ਲੈਣਗੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਹਿਤ ਆਪਣੇ ਖ਼ਿਆਲਾਂ, ਸਮਾਜਿਕ ਸਰੋਕਾਰਾਂ, ਵਕਤ ਦੇ ਵਰਤਾਰਿਆਂ, ਕੁਦਰਤ ਦੇ ਨਜ਼ਾਰਿਆਂ ਦੇ ਨਾਲ-ਨਾਲ ਜ਼ਿੰਦਗੀ ਨਾਲ ਸਬੰਧਿਤ ਮਸਲਿਆਂ ਦਾ ਪ੍ਰਗਟਾਅ ਹੁੰਦਾ ਹੈ। ਇਹ ਗੱਲ ਵੱਖਰੀ ਹੈ ਕਿ ਵਕਤ ਦੇ ਹਰ ਖੇਲ੍ਹ ਨੂੰ ਕੌਣ ਕਿਸ ਨਜ਼ਰੀਏ ਨਾਲ ਦੇਖਦਾ ਹੈ ਅਤੇ ਸਾਹਿਤ ਦੇ ਕਿਸ ਰੂਪ

ਵਿਚ ਆਪਣੇ ਦਿਲੋ ਦਿਮਾਗ਼ ਦੇ ਵਲਵਲਿਆਂ ਨੂੰ ਰੂਪਮਾਨ ਕਰਦਾ ਹੈ।

ਪੰਜਾਬੀ ਸਾਹਿਤ ਵੀ ਵੱਖ-ਵੱਖ ਸਿਨਫ਼ਾਂ ਵਿਚ ਲਿਖਿਆ ਤੇ ਰਚਿਆ ਜਾ ਰਿਹਾ ਹੈ। ਕਵਿਤਾ, ਕਹਾਣੀ, ਨਾਵਲ, ਨਾਟਕ ਇਸ ਦੇ ਮੁੱਖ ਰੂਪ ਰਹੇ ਹਨ। ਸਮੇਂ ਦੇ ਬਦਲਣ ਨਾਲ ਹਰ ਸਿਨਫ਼ ਵਿਚ ਬਦਲਾਵ ਆਇਆ ਹੈ। ਇਹ ਬਦਲਾਵ ਸਾਹਿਤਧਾਰਾ ਦੇ ਵਗਦੇ ਹੋਣ ਤੇ ਜ਼ਿੰਦਾ ਰਹਿਣ ਦੀ ਨਿਸ਼ਾਨੀ ਹੈ। ਪੰਜਾਬੀ ਸਾਹਿਤ ਵਿਚ ਕਵਿਤਾ ਸਭ ਤੋਂ ਪੁਰਾਣੀ ਸਿਨਫ਼ ਹੈ। ਇਹ ਹੁਣ ਤੱਕ ਵੱਡੇ-ਵੱਡੇ ਕਿੱਸਾ-ਕਾਵਿ ਤੋਂ ਲੈ ਕੇ ਛੰਦ ਬਧ ਰੂਪ ਵਿਚ ਲਿਖੀ ਜਾਂਦੀ ਰਹੀ ਹੈ। ਭਾਵੇਂ ਕੁਝ ਸਮੇਂ ਤੋਂ ਖੁੱਲ੍ਹੀ ਕਵਿਤਾ (ਤੋਲ ਤੁਕਾਂਤ ਰਹਿਤ) ਵੱਡੇ ਪੈਮਾਨੇ ਤੇ ਲਿਖੀ ਜਾ ਰਹੀ ਹੈ ਤੇ ਵਿਦੇਸ਼ੀ ਸਿਨਫ਼ 'ਹਾਇਕੂ' ਵਿਚ ਵੀ ਲਿਖੀ ਜਾ ਰਹੀ ਹੈ ਪਰ ਜੋ ਰਸ ਤੇ ਆਨੰਦ ਗੀਤ ਗ਼ਜ਼ਲ ਜਾਂ ਛੰਦ ਬਧ ਕਵਿਤਾ 'ਚੋਂ ਮਿਲਦਾ ਹੈ ਉਹ ਆਪਣੀ ਮਿਸਾਲ ਆਪ ਹੀ ਹੈ। ਖੁੱਲ੍ਹੀ ਕਵਿਤਾ-ਕਵਿਤਾ ਦੇ ਨਿਜ਼ਾਮ ਤੋਂ ਬਾਹਰ ਹੀ ਰਹਿ ਜਾਂਦੀ ਹੈ। ਪਰ ਇਸਦੇ ਮੁਕਾਬਲੇ 'ਤੇ ਅਰਬੀ ਫ਼ਾਰਸੀ 'ਚੋਂ ਆਈ ਵਿਦੇਸੀ ਸਿਨਫ਼ ਗ਼ਜ਼ਲ ਕਾਫ਼ੀ ਮਕਬੂਲ ਹੋ ਰਹੀ ਹੈ ਤੇ ਸਟੇਜਾਂ ਦਾ ਸ਼ਿੰਗਾਰ ਬਣਦੀ ਜਾ ਰਹੀ ਹੈ। ਭਾਵੇਂ ਅਰੂਜ਼ ਦੀ ਬੰਦਿਸ਼ ਤੇ ਖ਼ਿਆਲਾਂ ਦੇ ਸਾਗਰ ਨੂੰ ਕੁੱਜੇ 'ਚ ਬੰਦ ਕਰਨ 'ਤੇ ਮਿਹਨਤ ਕਰਨੀ ਪੈਂਦੀ ਹੈ ਤੇ ਕੁਝ ਲੋਕ ਇਸ ਮਿਹਨਤ ਤੋਂ ਦੂਰ ਵੀ ਭੱਜਦੇ ਹਨ ਪਰ ਫੇਰ ਵੀ ਇਹ ਪੰਜਾਬੀ ਸਾਹਿਤ ਵਿਚ ਹਰਮਨ ਪਿਆਰੀ ਹੁੰਦੀ ਜਾ ਰਹੀ ਹੈ।

ਹੱਥਲੀ ਪੁਸਤਕ ਵਿਚ ਗ਼ਜ਼ਲਾਂ ਲਿਖਣ ਸਮੇਂ ਭਾਵੇਂ ਮੈਂ ਅਰੂਜ਼ ਦੀ ਬੰਦਿਸ਼ ਦਾ ਧਿਆਨ ਰੱਖਿਆ ਹੈ ਪਰ ਫੇਰ ਵੀ ਕਿਸੇ ਉਸਤਾਦ ਗ਼ਜ਼ਲਗੋ ਦੇ ਹੱਥੋਂ ਤਰਾਸ਼ੇ ਜਾਣ ਦੀ ਕਮੀ ਕਿਧਰੇ ਨਾ ਕਿਧਰੇ ਰਹਿ ਹੀ ਗਈ ਹੋਵੇਗੀ। ਇਸ ਦੇ ਲਈ ਮੈਂ ਅਗਾਉਂ ਮੁਆਫ਼ੀ ਮੰਗਦੀ ਹਾਂ। ਪਰ ਸਮੇਂ ਦੀ ਤ੍ਰਾਸਦੀ ਇਹ ਵੀ ਰਹੀ ਕਿ ਸਵ: ਗੁਰਦਿਆਲ ਸਿੰਘ ਆਰਿਫ਼ ਜਿਨ੍ਹਾਂ ਦੀ ਪ੍ਰੇਰਨਾ ਸਦਕਾ ਮੈਂ ਇਸ ਖੇਤਰ ਵਿਚ ਆਈ ਸਾਂ ਉਹ ਲੰਬਾ ਸਮਾਂ ਮੇਰੀ ਰਹਿਨੁਮਾਈ ਨਹੀਂ ਕਰ ਸਕੇ ਤੇ ਕੁਝ ਕਹਿੰਦੇ ਕਹਾਉਂਦੇ ਗ਼ਜ਼ਲਗੋ ਇਸ ਤਰਫ਼ੋਂ ਕੰਨੀਂ ਕਤਰਾਉਂਦੇ ਰਹੇ। ਬੜਾ ਅਜੀਬ ਲੱਗਦਾ ਹੈ ਜਦ ਕੋਈ ਇਸ ਤਰ੍ਹਾਂ ਦਾ ਵਰਤਾਵ ਕਰਦਾ ਹੈ। ਖ਼ੈਰ ਖ਼ੁਦਾ ਅਜਿਹੇ ਵਿਦਵਾਨਾਂ ਨੂੰ ਸੱਦ ਬੁੱਧੀ ਬਖ਼ਸ਼ੇ ਤਾਂ ਕਿ ਅਲੋਚਕਾਂ ਨੂੰ ਜ਼ਿਆਦਾ ਮਿਹਨਤ ਨਾ ਕਰਨੀ ਪਵੇ। ਇਸ ਦੇ ਬਾਵਜੂਦ ਮੈਂ ਆਪਣੀਆਂ ਗ਼ਜ਼ਲਾਂ ਵਿਚ ਜ਼ਿੰਦਗੀ ਦਾ ਹਰ ਰੰਗ ਭਰਨ ਦੀ ਕੋਸ਼ਿਸ਼ ਕੀਤੀ ਹੈ।

ਜੀਵਨ ਦੀ ਨਦੀ ਇਕ ਵਗਦੀ ਧਾਰਾ ਹੈ ਜੋ ਪਹਾੜਾਂ ਵਿਚ ਚੰਚਲ ਰਵਾਨੀ ਰੱਖਦੀ, ਪੱਥਰਾਂ ਨਾਲ ਟਕਰਾਉਂਦੀ, ਸਿਰ ਫੋੜਦੀ, ਕਲਕਲ ਕਰਦੀ ਜਾਂ ਫਿਰ 'ਬਿਫ਼ਰੇ ਮੌਸਮਾਂ' ਦੀ ਤਰ੍ਹਾਂ ਉਗਰ ਰੂਪ ਧਾਰਦੀ ਤੇ ਫਿਰ ਸ਼ਾਂਤ ਹੋ ਸਾਗਰ ਵਿਚ ਜਾ ਰਲਦੀ ਹੈ। ਪਰ ਮੇਰੀ ਜਾਚੇ ਸੰਸਾਰ ਤੇ ਆ ਕੇ ਨਦੀ ਦੇ ਵੱਖ-ਵੱਖ ਰੂਪਾਂ ਵਾਂਗ ਵਿਚਰਣਾ ਜਾਂ ਸਾਹਾਂ ਦਾ ਆਉਣਾ ਜਾਣਾ ਤੇ ਫਿਰ ਮੌਤ ਦੀ ਗੋਦ ਵਿਚ ਜਾ ਸਮਾਉਣਾ ਹੀ ਜੀਵਨ ਨਹੀਂ। ਜ਼ਿੰਦਗੀ ਹਰ ਖ਼ੁਸ਼ੀ ਗ਼ਮ, ਦੁੱਖ-ਸੁੱਖ, ਜਿੱਤ ਹਾਰ, ਵਸਲ-ਵਿਜੋਗ ਜਫ਼ਾ ਤੇ

ਵਫ਼ਾ ਹਰ ਤਰ੍ਹਾਂ ਦਾ ਲਿਬਾਸ ਹੰਡਾਉਂਦੇ ਹੋਏ ਕੁਝ ਨਵਾਂ ਤੇ ਵੱਖਰਾ ਕਰਕੇ ਜਾਣ ਦਾ ਨਾਮ ਵੀ ਹੈ।

ਹਰ ਰੰਗ ਵਿਚ ਸਾਕਾਰ ਹੁੰਦੇ ਹਰ ਰੂਪ ਨੂੰ ਮੈਂ ਪਿੰਡੇ ਤੇ ਹੰਡਾਇਆ ਹੈ। ਹਰ ਕੌੜਾ ਕੁਸੈਲਾ-ਸੱਚ ਤੇ ਵਰਤਾਰਾ ਧੁਰ ਅੰਦਰ ਤੱਕ ਝੰਜੋੜ ਗਿਆ। ਪਰ ਜਦ ਤੋਂ ਹੱਥ ਵਿਚ ਕਲਮ ਆਈ ਹੈ ਹਰ ਮੁਸ਼ਕਿਲ ਦਾ ਮੁਕਾਬਲਾ ਕਰਨ ਤੇ ਸਮੇਂ ਦੀ ਤ੍ਰਾਸਦੀ ਨੂੰ ਨੇੜੇ ਹੋ ਕੇ ਦੇਖਣ ਤੇ ਜਨਮ ਦੀ ਸੋਝੀ ਆ ਗਈ ਹੈ। ਭਾਵੇਂ ਹਾਲਾਤ ਤੇ ਸਿਹਤ ਨਾਸਾਜ਼ ਹੋਣ ਕਰਕੇ ਲਿਖਣ ਦੀ ਗਤੀ ਧੀਮੀ ਹੋਈ ਹੈ ਪਰ ਫੇਰ ਵੀ ਹਾਰ ਨਹੀਂ ਮੰਨੀ। ਰੱਬ ਕਰੇ ਆਖ਼ਰੀ ਸਾਹਾਂ ਤੱਕ ਲਿਖਦੀ ਰਹਾਂ ਛੱਪਣ ਲਾਇਕ ਬਹੁਤ ਸਾਰੀ ਸਮੱਗਰੀ ਪਈ ਹੈ। ਕੋਸ਼ਿਸ਼ ਕਰਾਂਗੀ ਉਹ ਵੀ ਪਾਠਕਾਂ ਦੇ ਸਨਮੁੱਖ ਪੇਸ਼ ਕਰ ਸਕਾਂ।

ਕਿਹੜੇ ਸ਼ਬਦਾਂ ਵਿਚ 'ਸਰਦਾਰ ਪੰਛੀ' ਜੀ ਦਾ ਧੰਨਵਾਦ ਕਰਾਂ ਜਿਨ੍ਹਾਂ ਨੇ ਮੇਰੇ ਇਸ ਸੰਗ੍ਰਹਿ ਦੇ ਖਰੜੇ ਨੂੰ ਪੜ੍ਹਿਆ ਤੇ ਆਪਣੇ ਅਨਮੋਲ ਸ਼ਬਦਾਂ ਨਾਲ ਸ਼ਿੰਗਾਰਿਆ ਹੈ। ਕੁਝ ਸ਼ਿਅਰ ਜੋ ਸਹਿਜ ਸੁਭਾਏ ਹੀ ਲਿਖ ਗਈ ਸਾਂ ਉਨ੍ਹਾਂ ਦੀ ਉਤਮਤਾ ਨੂੰ ਆਪਣੇ ਸ਼ਬਦ ਦੇ ਕੇ ਮੇਰੀ ਹੌਂਸਲਾ ਅਫ਼ਜ਼ਾਈ ਕੀਤੀ ਹੈ ਇਕ ਉਸਤਾਦ ਗ਼ਜ਼ਲਗੋ ਹੋਣ ਦਾ ਸਿੱਕਾ ਮਨਵਾਇਆ ਹੈ। ਪੰਜਾਬੀ ਦੇ ਪ੍ਰਸਿੱਧ ਗ਼ਜ਼ਲਗੋ ਸ੍ਰੀ ਗੁਰਦਿਆਲ ਰੋਸ਼ਨ ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਖਰੜੇ ਦੀ ਨਜ਼ਰਸਾਨੀ ਕਰਕੇ ਮੇਰਾ ਮਾਣ ਵਧਾਇਆ ਹੈ। ਮੈਂ ਉੱਘੇ ਸਾਹਿਤਕਾਰ ਸ੍ਰ. ਜੋਗਿੰਦਰ ਸਿੰਘ ਰੈਂਖ ਜੀ ਦੀ ਸ਼ੁਕਰ-ਗੁਜ਼ਾਰ ਹਾਂ ਜਿਨ੍ਹਾਂ ਨੇ ਘਰ ਦੀਆਂ ਅਨੇਕਾਂ ਮੁਸ਼ਕਿਲਾਂ ਤੇ ਰੁਝੇਵਿਆਂ ਦੇ ਬਾਵਜੂਦ ਇਸ ਸੰਗ੍ਰਹਿ ਨੂੰ ਵਾਚਿਆ ਤੇ ਯਥਾਯੋਗ ਟਿੱਪਣੀਆਂ ਰਾਹੀਂ ਮੇਰੀ ਲਿਖਤ ਬਾਰੇ ਆਪਣੇ ਕੀਮਤੀ ਵਿਚਾਰ ਭੇਟ ਕੀਤੇ ਹਨ।

ਸੋ ਅਖ਼ੀਰ ਵਿਚ ਮੈਂ ਪਰਮ ਪਿਤਾ ਪ੍ਰਮਾਤਮਾ ਅੱਗੇ ਇਹੀ ਅਰਦਾਸ ਕਰਦੀ ਹਾਂ ਉਹ ਮੇਰੇ ਖ਼ਿਆਲਾਂ ਨੂੰ ਲੰਬੀ ਪਰਵਾਜ਼ ਬਖ਼ਸ਼ੇ ਤੇ ਵਿਚਾਰਾਂ ਤੇ ਆਚਾਰ ਵਿਚ ਉੱਚਤਾ ਬਣਾਈ ਰੱਖੇ। ਮੇਰੇ ਪਾਠਕ ਮੇਰੀਆਂ ਗ਼ਜ਼ਲਾਂ 'ਚੋਂ ਰਸ ਮਾਨਣ ਦੇ ਨਾਲ-ਨਾਲ ਸਿੱਖਿਆ ਯੋਗ ਗੱਲਾਂ ਨੂੰ ਧਾਰਨ ਕਰਦੇ ਰਹਿਣ। ਆਮੀਨ!

27.05.2011 **ਸੁਦਰਸ਼ਨ ਵਾਲੀਆ**

## .ਗ਼ਜ਼ਲ

ਕਿਸੇ ਬਿਰਹਣ ਦੇ ਨੈਣੋਂ ਹੰਝੂ ਚੋਇਆ ਹੈ!
ਚਾਰ ਚੁਫੇਰੇ ਜਲਥਲ ਜਲਥਲ ਹੋਇਆ ਹੈ!!

ਕਿਸੇ ਨੇ ਰਾਤ ਦੇ ਨੈਣੀ ਮੋਤੀ ਸ਼ਬਨਮ ਦਾ;
ਦਰਦ ਦਿਲਾਂ ਦਾ ਭਰ ਕੇ ਆਣ ਪਰੋਇਆ ਹੈ।

ਕਾਲਾ ਕੀਤੈ ਅੰਬਰ ਕਿਸ ਦੇ ਹਉਕੇ ਨੇ;
ਬਣਕੇ ਬੱਦਲੀ ਉਹ ਵੀ ਛਮਛਮ ਰੋਇਆ ਹੈ।

ਸੀਤਲ ਹੋਈ ਜਾਵੇ ਮਘਦਾ ਸੂਰਜ ਵੀ;
ਕਿਹੜੀ ਝੀਲ ਨੇ ਬੁੱਕਲ ਵਿੱਚ ਲਕੋਇਆ ਹੈ।

ਲਹਿਰ ਸੁਨਾਮੀ ਬਣਕੇ ਸਾਗਰ ਹੈ ਚੜ੍ਹਿਆ;
ਖੂਹ ਨੈਣਾਂ ਦਾ ਜਦ ਤੋਂ ਬਿਰਹਣ ਜੋਇਆ ਹੈ।

ਬਿਰਹੋਂ ਦੀ ਸੱਟ ਕਾਰੀ ਲੱਗੀ ਸੀਨੇ ’ਤੇ;
ਖ਼ੁਦ ਨੂੰ ਮੋਮ ਬਣਾ ਕੇ ਪੱਥਰ ਰੋਇਆ ਹੈ।

ਚਾਕ ਕਿਵੇਂ ਨਾ ਹੋਇਆ ਸੀਨਾ ਧਰਤੀ ਦਾ;
ਸੰਗਸਾਰ ਹੋ ਆਸ਼ਕ ਜਿਸ ’ਤੇ ਮੋਇਆ ਹੈ।

ਬਿਫ਼ਰੇ ਮੌਸਮ ਭਾਵੇਂ ਕਹਿਰ ਗੁਜ਼ਾਰ ਗਏ;
ਕਾਲੀ ਰਾਤ ਦਾ ਨ੍ਹੇਰਾ ਤੂੰ ਵੀ ਢੋਇਆ ਹੈ।

ਤਰਦਾ ਜਾਏ ਪਰਾਂਦਾ ਡੁੱਬੀ ਸੋਹਣੀ (ਦਰਸ਼ਨ) ਦਾ;
ਮੰਜ਼ਰ ਦੇਖ ਖ਼ੁਦਾ ਵੀ ਭੁੱਬੀਂ ਰੋਇਆ ਹੈ।

✪

## .ਗ਼ਜ਼ਲ

ਜਦੋਂ ਵੀ ਆਸ ਦੀਵੇ ਕਿਤੇ ਦਿਲ ਨੇ ਜਗਾਏ ਨੇ!
ਤਾਂ ਜਿਗਰੇ ਬਲਣ ਦੇ ਪਰਖਣ ਤੁਫ਼ਾਂ ਵੀ ਖ਼ੂਬ ਆਏ ਨੇ!!

ਬੜੀ ਸੀ ਤਾਂਘ ਚਮਨਾਂ ਨੂੰ ਬਹਾਰਾਂ ਆਣ ਕੇ ਮਹਿਕਣਾ;
ਵਿਸ਼ੈਲੇ ਤੀਰ ਪੱਤਝੜ ਦੇ ਤਦੋਂ ਮੌਸਮ ਚਲਾਏ ਨੇ।

ਰਲੇ ਸਾਗਰ 'ਚ ਇਕ ਵਾਰੀ ਜਦੋਂ ਵੀ ਵਹਿਣ ਇਹ ਤਿੱਖੇ,
ਬਚੇ ਨਾ ਨਾਮ ਹੀ ਬਾਕੀ ਨਾ ਦਰਿਆ ਹੀ ਕਹਾਏ ਨੇ।

ਵਸਾਇਆ ਸੀ ਦਿਲਾਂ ਅੰਦਰ ਜਿਨ੍ਹਾਂ ਨੂੰ ਵਾਂਗ ਸਾਹਾਂ ਦੇ,
ਕਦੇ ਮਹਿਮਾਨ ਪਲਕਾਂ ਦੇ ਕਦੇ ਹੰਝੂ ਕਹਾਏ ਨੇ।

ਕਿਵੇਂ ਲੋਕੀਂ ਪਏ ਆਖਣ ਇਸੇ ਨੂੰ ਸ਼ਹਿਰ ਪੱਥਰ ਦਾ,
ਗੁਲਾਬਾਂ ਮਹਿਕ ਕੇ ਡੇਰੇ ਜਦੋਂ ਇਸ ਵਿਚ ਲਗਾਏ ਨੇ।

ਡਰਾਵਾ ਮੌਤ ਦਾ ਦੇਵੇਂ ਕਿਨ੍ਹਾਂ ਨੂੰ ਮਕਤਲਾ ਅੰਦਰ,
ਉਨ੍ਹਾਂ ਤਾਂ ਦਾਰ ਆਪਣੇ ਮੋਢਿਆਂ 'ਤੇ ਖ਼ੁਦ ਉਠਾਏ ਨੇ।

ਕਦੋ ਤੱਕ ਰੀਝ ਦਾ ਪਾਣੀ ਉਨ੍ਹਾਂ ਵਿਚ ਠਹਿਰ ਸੀ ਸਕਦਾ,
ਘੜੇ ਤਿੜਕੇ ਜਦੋਂ ਆਸਾਂ ਦੇ ਆਪੇ ਤੂੰ ਭਰਾਏ ਨੇ।

ਕਿਵੇਂ ਉਹ ਸਾਗਰਾਂ ਵਿਚ ਰਲਣ ਦਾ ਵੀ ਭਰਮ ਪਾਲਣਗੇ।
ਜਿਨ੍ਹਾਂ ਦੇ ਨੀਰ ਜੀਰੇ ਨੇ ਸਦਾ ਹੀ ਥਲ ਤਿਹਾਏ ਨੇ।

ਵਿਚਾਲੇ ਡੋਲਦੀ ਬੇੜੀ ਕਿਵੇਂ ਹੁਣ ਸਿਦਕ ਤੇਰੇ ਦੀ,
ਅਨੇਕਾਂ ਪੂਰ ਤੂੰ 'ਦਰਸ਼ਨ ਜਦੋਂ ਇਸ 'ਤੇ ਤਰਾਏ ਨੇ।

✪

## ਗ਼ਜ਼ਲ

ਛੋਹੀ ਨਾ ਤੰਦ ਮੁਹੱਬਤ ਦੀ, ਨਾ ਛੋਪੇ ਪਾਏ ਪਿਆਰਾਂ ਦੇ।
ਕਿਉਂ ਛੇੜ ਲਏ ਨੇ ਫੇਰ ਹਵਾਵਾਂ ਕਿੱਸੇ ਕੌਲ ਕਰਾਰਾਂ ਦੇ।

ਰੀਝਾਂ ਦੀ ਝੋਲੀ ਵਿਚ ਸੁੱਕੇ ਸਨ ਗਰਜ਼ਾਂ ਦੇ ਕੁਝ ਫੁੱਲ ਪੱਤੇ,
ਕਿਉਂ ਫੇਰ ਹਠੀਲੇ ਚਾਵਾਂ ਨੇ ਭਰ ਲਏ ਦਾਮਨ ਅੰਗਿਆਰਾਂ ਦੇ।

ਠਹਿਰੀ ਸੀ ਝੀਲ ਖ਼ਿਆਲਾਂ ਦੀ ਤੇ ਸਾਜ ਹਵਾਵਾਂ ਦੇ ਰੁਖ ਸੀ,
ਫਿਰ ਪੇਤਲੇ ਪਾਣੀ ਵਿਚ ਡੁੱਬੇ ਕਿਉਂ ਬੇੜੇ ਸਣ ਪਤਵਾਰਾਂ ਦੇ।

ਤਨ ਝਾਕੇ ਪਾਟੇ ਕੱਜਣ 'ਚੋਂ ਸਮਝੇ ਗੁਰਬਤ ਦੀ ਮਜ਼ਬੂਰੀ,
ਪਰ ਤਨ ਤੋਂ ਸਰਕੇ ਕਿਉਂ ਲੀੜੇ ਹੁਣ ਦੌਲਤਮੰਦ ਮੁਟਿਆਰਾਂ ਦੇ।

ਪਾ ਪੈਰਾਂ ਵਿਚ ਜ਼ੰਜੀਰ ਜਿਹੀ ਫਿਰ ਕਹਿੰਦੇ ਨੇ ਪਰਵਾਜ਼ ਭਰੋ,
ਮਨ ਪੰਛੀ ਕੀਕਣ ਸਹਿਮੇਂ ਨਾ ਤੱਕ ਦੂਹਰੇ ਰੰਗ ਕਿਰਦਾਰਾਂ ਦੇ।

ਅਗਨੀ ਵਿਚ ਪਰਖ ਗਿਆ ਕੋਈ, ਕੋਈ ਜੂਏ ਦੇ ਵਿਚ ਹਾਰ ਗਿਆ,
ਹੈ ਨਾਰ ਸਰਾਪੀ ਉਨ੍ਹਾਂ ਹੀ ਜੋ ਪਾਤਰ ਸਨ ਸਤਿਕਾਰਾਂ ਦੇ।

ਨਜ਼ਰਾਂ ਦੇ ਸਾਹਵੇਂ ਮੰਜ਼ਿਲ ਸੀ ਪੈਰਾਂ ਵਿਚ ਬੱਝੇ ਪੈਂਡੇ ਵੀ,
ਦਰਸ਼ਨ ਜਾਂ ਮੰਜ਼ਿਲ ਸਰ ਹੋਈ ਝੁੰਡ ਤੁਰ ਗਏ ਨੇ ਦਿਲਦਾਰਾਂ ਦੇ।

✪

## ਗ਼ਜ਼ਲ

ਇਨਸਾਫ਼ ਦੀ ਆਵਾਜ਼ ਨੂੰ ਪੈਰਾਂ 'ਚ ਸਭ ਨੇ ਰੋਲਿਆ।
ਜਦ ਜੀਣ ਦਾ ਹੱਕ ਮੰਗਿਆ ਵੈਰੀ ਜ਼ਮਾਨਾ ਹੋ ਲਿਆ।

ਨਿੱਤ ਝਾੜਦੈਂ ਤੇ ਝੰਬਦੈਂ ਤੂੰ ਧੂੜ ਵਾਗੂੰ ਛੰਡਦੈਂ,
ਪਰ ਸਬਰ ਮੇਰਾ ਜ਼ੁਲਮ ਤੇਰੇ ਸਾਹਮਣੇ ਨਾ ਡੋਲਿਆ।

ਪਰਵਾਜ਼ ਉੱਚੇ ਗਗਨ ਦੀ ਬਸ ਲੋਚ ਬਣ ਕੇ ਰਹਿ ਗਈ,
ਹਰ ਵਕਤ ਊਣੇ ਹੀ  ਮਿਲੇ ਜਦ ਵੀ ਪਰਾਂ ਨੂੰ ਤੋਲਿਆ।

ਹੋਈ ਜ਼ਿਬ੍ਹਾ ਕਿਉਂ ਸੋਚ ਤੇਰੀ ਮ੍ਰਿਗਛਲੀ ਵੱਲ ਭੱਜਦੈਂ,
ਇਸ ਵਲ ਪਿਆਸਾ ਜੋ ਗਿਆ ਉਸ ਜੀਣ ਤੋਂ ਹੱਥ ਧੋ ਲਿਆ।

ਚੱਪੂ ਚਲਾਅ ਕੇ ਰਾਤ ਭਰ ਦੂਜਾ ਕਿਨਾਰਾ ਭਾਲਦੈਂ,
ਸਾਹਿਲ ਤੋਂ ਬੇੜੀ ਖੋਲ੍ਹਣਾ ਕਿਉਂ ਭੁੱਲ ਗਿਆ ਤੂੰ ਗੋਲਿਆ।

ਪੈਰਾਂ 'ਚ ਬੱਝੀ ਰਹਿਣ ਦੇ ਤੂੰ ਸਫ਼ਰ ਦੀ ਇਸ ਪੀੜ ਨੂੰ,
ਜਿਸ ਨੇ ਮੁਸਾਫ਼ਿਰ ਵਾਸਤੇ ਮੰਜ਼ਿਲ ਦਾ ਰਸਤਾ ਟੋਲਿਆ।

ਜਿਸ ਰੋਸ਼ਨੀ ਨੂੰ ਵਰਨ ਖ਼ਾਤਿਰ ਤੁਰ ਪਿਐਂ ਘਰ ਛੱਡ ਕੇ,
ਉਸਨੂੰ, ਹਨੇਰੇ ਨਿਗਲਿਆ ਕਿੰਨ੍ਹਾਂ ਹੀ ਅਰਸਾ ਹੋ ਲਿਆ।

ਜੋ ਝਲਕ ਪਾਈ ਉਸ ਨੂਰ ਦੀ ਕੀਕਣ ਸੁਣਾਉਂਦੇ ਬੋਲ ਕੇ,
ਗੂੰਗੀ ਜੁਬਾਨ ਤੋਂ ਗੁੜ ਦਾ ਮਿੱਠਾ ਕਦ ਗਿਆ ਹੈ ਬੋਲਿਆ।

ਦੀਮਕ ਗਮਾਂ ਦੀ ਖਾ ਗਈ 'ਦਰਸ਼ਨ' ਨਰੋਈ ਹੋਂਦ ਨੂੰ,
ਠੋਕਰ ਜ਼ਮਾਨਾ ਲਾ ਗਿਆ ਜਦ ਹਾਲ ਦਿਲ ਦਾ ਫੋਲਿਆ।

✪

## ਗ਼ਜ਼ਲ

ਸੀਨੇ ਵਿਚ ਕੁਝ ਦਰਦ ਜਿਹੇ ਨੇ।
ਤਾਂ ਹੀ ਚਿਹਰੇ ਜ਼ਰਦ ਜਿਹੇ ਨੇ।

ਬਰਫ਼ਾਂ ਰੁੱਖ ਲਿਤਾੜੇ ਹੈ ਸਨ,
ਬਿਰਖ ਤਦੇ ਬੇਪੜਦ ਜਿਹੇ ਨੇ।

ਰੀਝਾਂ ਵਿਹੜੇ ਹੰਝੂ ਬੀਜਣ,
ਲੋਕੀਂ ਕਿਉਂ ਬੇਦਰਦ ਜਿਹੇ ਨੇ।

ਲੱਖ ਚਾਹੋ ਤਾਂ ਛੰਡ ਨਹੀਂ ਹੁੰਦੇ,
ਦੁਸ਼ਮਣ ਦੋਸਤ ਗਰਦ ਜਿਹੇ ਨੇ।

ਮਿੱਠਾ ਬੋਲਣ ਸੀਨੇ ਖੁੱਭਣ,
ਬਗਲ 'ਚ ਰੱਖੀ ਕਰਦ ਜਿਹੇ ਨੇ।

ਕੂੰਜਾਂ ਪਿੱਛੇ ਸ਼ਿਕਰੇ ਲਾਵਣ,
ਬੇਦਰਦੀ ਜੋ ਮਰਦ ਜਿਹੇ ਨੇ।

ਉਠ 'ਦਰਸ਼ਨ' ਤਕ ਧਰਤੀ ਮੌਲੀ,
ਲੰਘੇ ਮੌਸਮ ਸਰਦ ਜਿਹੇ ਨੇ।

✪

## ਗ਼ਜ਼ਲ

ਤੂਫ਼ਾਨ ਤਾਂ ਸੀ ਗੁਜ਼ਰਿਆ ਜਦ ਚਮਨ ਦੇ ਬਸ ਕੋਲ ਦੀ।
ਕਰ ਗਿਆ ਨਿਪੱਤੀ ਸ਼ਾਖ਼ ਜੋ ਉਹ ਅੱਜ ਵੀ ਹੈ ਡੋਲਦੀ।

ਕਿਸ ਥਾਂ ਗਿਆ ਉਹ ਪੱਤ ਸੀ-ਕੀ ਹਸ਼ਰ ਉਸਦਾ ਹੋ ਰਿਹਾ,
ਇਹ ਜ਼ਿੰਦਗੀ ਵਿਛੜੇ ਪਲਾਂ 'ਚੋਂ ਹੈ ਹਕੀਕਤ ਟੋਲਦੀ।

ਕਦ ਦੁੱਖ ਕੋਈ ਸਮਝਦੈ ਆਪਣੇ ਗਵਾ ਕੇ ਜੀਣ ਦਾ,
ਕੀਮਤ ਹੈ ਜਨਣੀ ਜਾਣਦੀ ਖਾਲੀ ਪਈ ਇਸ ਝੋਲ ਦੀ।

ਪੱਥਰ ਦਿਲਾਂ ਦੇ ਹੋ ਗਏ ਪੱਥਰ ਦੇ ਪੈਰੀਂ ਲੱਗ ਕੇ,
ਕੀ ਸੁਣਨਗੇ ਫ਼ਰਿਆਦ ਉਹ ਫਿਰ ਹਸਰਤਾਂ ਦੇ ਬੋਲ ਦੀ।

ਦਿਲ ਵਿਚ ਮੁਸਾਫਿਰ ਵੱਸ ਗਿਆ ਸੀ ਚੁੱਪ ਚੁਪੀਤੇ ਆਣ ਕੇ,
ਕੀਮਤ ਪਈ ਜਦ ਤੁਰ ਗਿਆ, ਮੋਤੀ ਗਏ ਅਣਮੋਲ ਦੀ।

ਨਾ ਛਲਕਦਾ ਨਾ ਉਛਲਦਾ ਨਾ ਡੋਲਦਾ ਭਰਿਆ ਕਦੇ,
ਲੇਕਿਨ ਮਚਾਵੇ ਸ਼ੋਰ ਕਿਉਂ ਫਿਤਰਤ ਜੋ ਖਾਲੀ ਢੋਲ ਦੀ।

ਹਮਦਰਦ ਦਿਲ ਦਾ ਜਾਣ ਕੇ ਸੀ ਰਾਜ਼ ਦਿਲ ਦਾ ਕਹਿ ਲਿਆ,
ਜੇ ਜਾਣਦੀ ਜੱਗ ਹੱਸਣੈ ਕਿਉਂ ਹਾਲ ਦਿਲ ਦਾ ਫੋਲਦੀ।

ਮੰਡੀ 'ਚ ਵੇਚਣ ਤੁਰ ਪਿਆ ਜੋ ਰਿਸ਼ਤਿਆਂ ਦੀ ਆਰਤੀ,
ਦਿਲ ਵਿਚ ਬਿਠਾਉਂਦੇ ਕਿਸ ਤਰ੍ਹਾਂ ਫਿਰ ਮੂਰਤੀ ਉਸ ਢੋਲ ਦੀ।

ਵਿਛੜੇ ਮਿਲਾਵੇਗੀ ਸਦਾ ਹੁੰਦਾ ਜ਼ਰੂਰੀ ਜੇ ਕਿਤੇ,
ਕਿਉਂ ਪੱਤਣਾ 'ਤੇ ਬੈਠ 'ਦਰਸ਼ਨ' ਜ਼ਿੰਦਗੀ ਨੂੰ ਰੋਲਦੀ।

✪

## ਗ਼ਜ਼ਲ

ਬਾਰ ਦਿਲਾਂ ਦਾ ਜਦ ਤੋਂ ਸੱਜਣ ਢੋਇਆ ਹੈ।
ਤਨ ਮਨ ਦਾ ਇਹ ਬਿਰਹਾ ਛਮਛਮ ਰੋਇਆ ਹੈ।

ਹਿਜਰਾਂ ਦੇ ਕਿਸ ਤੀਰ ਚਲਾਏ ਹਿੱਕੜੀ 'ਤੇ,
'ਵਾਵਾਂ ਤੱਕ ਦਾ ਸੀਨਾ ਛਲਣੀ ਹੋਇਆ ਹੈ।

ਕਹਿਰੀ ਰਾਤ ਗੁਜ਼ਾਰੀ ਨਾਲ ਤੂਫ਼ਾਨਾਂ ਦੇ,
ਦੇਖ ਕੇ ਹਰ ਇਕ ਤਾਰੇ ਮੁੱਖ ਲਕੋਇਆ ਹੈ।

ਰੱਖੀਂ ਨਾ ਉਹ ਭਾਂਡਾ ਕੱਚਾ ਇਸ਼ਕੇ ਦਾ,
ਜਿਸ ਲਈ ਮਿੱਟੀ ਵਾਂਗੂੰ ਆਪਾ ਗੋਇਆ ਹੈ।

ਅਣਰਾਹੀ ਇਹ ਚੱਕੀ ਕੀਕਣ ਪੀਸੇਗੀ,
ਗਿੱਲਾ ਝੋਣਾ ਦੁੱਖ ਦਾ ਜਿਸ ਵਿਚ ਝੋਇਆ ਹੈ।

ਫੇਰ ਨਾ ਹੋਵੇ ਮਾਲਾ ਭੁੱਖੇ ਪੇਟ ਖ਼ੁਦਾ,
ਮਹਿੰਗਾਈ ਦਾ ਰੋਣਾ ਸਾਧਾਂ ਰੋਇਆ ਹੈ।

ਨਾਗ ਵਲੇਵਾਂ ਪਾ ਕੇ ਬੈਠ ਤਿਜੋਰੀ ’ਤੇ,
ਧੰਨ ਪਰਾਇਆ ਜਿਸਦੇ ਵਿੱਚ ਲੁਕੋਇਆ ਹੈ।

ਪੈੜ ਨਵੇਲੀ ਧਰ ਕੇ ਹਿੱਕ ’ਤੇ ਤੂੰ ਜਾਵੀਂ,
ਥਲ ਤੇ ਡਾਚੀ ਵਿਚ ਸਮਝੋਤਾ ਹੋਇਆ ਹੈ।

ਚੰਦਨ ਬਾਗ ਜਲਾ ਕੇ ਕੋਇਲੇ ਵੇਚ ਗਿਆ,
ਕੀ ਦੱਸੇ ਕੀ ‘ਦਰਸ਼ਨ’ ਖੱਟਿਆ ਖੋਇਆ ਹੈ।

✪

## ਗ਼ਜ਼ਲ

ਚਿਰਾਗ਼ਾਂ ਦੀ ਕਦੋਂ ਕੀਮਤ ਕਦੇ ਧੁੱਪਾਂ ਨੇ ਪਾਈ ਹੈ।
ਧੁਰੋਂ ਸੌਗਾਤ 'ਨੇਰੇ ਦੀ ਜਿਨ੍ਹਾਂ ਨੂੰ ਰਾਸ ਆਈ ਹੈ।

ਖ਼ਿਜ਼ਾਵਾਂ ਸਾਥ ਉਮਰਾਂ ਦਾ ਨਿਭਾਇਆ ਨਾਲ ਸ਼ਿੱਦਤ ਦੇ,
ਬਹਾਰਾਂ ਵਿੱਚ ਮੁਰਝਾਈ ਕਲੀ ਕਿਸਨੇ ਖਿੜਾਈ ਹੈ।

ਇਛਾਵਾਂ ਮਹਿਲ ਰੇਤਾ ਦੇ ਬਣਾਏ ਆਪਣੇ ਹੱਥੀਂ,
ਉਨ੍ਹਾਂ ਦੇ ਢਹਿਣ 'ਤੇ ਪਾਈ ਕਿਵੇਂ ਆਪੇ ਦੁਹਾਈ ਹੈ।

ਕਿਸੇ ਦੀ ਕੁਚਲ ਕੇ ਹਸਤੀ ਕਿਵੇਂ ਮਿਲਦਾ ਖ਼ੁਦਾ ਤੈਨੂੰ,
ਉਨ੍ਹਾਂ ਦੇ ਪ੍ਰੇਮ ਦੀ ਬਸਤੀ ਜਦੋਂ ਤੂੰ ਖ਼ੁਦ ਲੁਟਾਈ ਹੈ।

ਕਿਵੇਂ ਠੰਢਾ ਕਰੇ ਕੋਈ ਬੁਝਾਵੇ ਅੱਗ ਬੁੱਕਲ ਦੀ,
ਦਿਲਾ! ਪਾਣੀ 'ਚ ਅਗਨੀ ਆਪ ਹੱਥੀਂ ਤੂੰ ਲਗਾਈ ਹੈ।

ਗਿਲ਼ਾ ਕਦ ਮੌਸਮਾਂ 'ਤੇ ਫੇਰ ਵੀ ਸਾਨੂੰ ਰਿਹਾ ਬਾਕੀ,
ਭਲੇ ਹੀ ਨਾਵ ਡੂੰਘੇ ਸਾਗਰੀਂ ਉਹਨਾਂ ਡੁਬਾਈ ਹੈ।

ਜਲੀ ਹੈ ਉਮਰ ਭਰ ਭਾਵੇਂ ਵਿਸਾਲੇ ਯਾਰ ਨਾ ਹੋਇਆ,
ਸ਼ਮ੍ਹਾਂ ਦੇ ਨਾਮ 'ਤੇ ਕੀਤੀ ਭਲਾ ਕਿਸਨੇ ਜੁਦਾਈ ਹੈ।

ਜਲੇ ਕੁਕਨੂਸ ਦੇ ਵਾਂਗੂੰ ਨਵੇਂ ਕੁਕਨੂਸ ਦੀ ਖ਼ਾਤਰ,
ਮੁਹੱਬਤ ਵਾਸਤੇ ਹਸਤੀ ਕਿਸੇ ਏਦਾਂ ਮਿਟਾਈ ਹੈ।

ਵਸੀਅਤ ਵਿਚ ਮਿਲੀ ਨਫ਼ਰਤ, ਨਿਗ੍ਹਾ 'ਚੋਂ ਬਰਸਦੇ ਸ਼ੋਅਲੇ
ਵਿਰਾਸਤ ਦੇਖ 'ਦਰਸ਼ਨ' ਦੇ ਜੋ ਹਿੱਸੇ ਖ਼ੂਬ ਆਈ ਹੈ।

✪

## ਗ਼ਜ਼ਲ

ਲਾਜ਼ਿਮ ਨਹੀਂ ਤੂਫ਼ਾਨ ਡੁਬੋਏ ਸਾਗਰਾਂ ਵਿਚ ਦੋਸਤਾ।
ਕਦੇ ਆਪਣੇ ਵੀ ਡੋਬ ਜਾਵਣ ਗਾਗਰਾਂ ਵਿਚ ਦੋਸਤਾ।

ਭਟਕਣ ਭਰੀ ਇਸ ਆਸਥਾ ਨੂੰ ਰਾਹ ਦਿਖਾਉਣੈ ਕਿਸ ਭਲਾ,
ਬੇਦੀਦਿਆਂ ਦੀ ਭੀੜ ਹੈ ਸਾਰੇ ਗਰਾਂ ਵਿਚ ਦੋਸਤਾ।

ਇਨਸਾਨ ਵਿਚ ਮੌਜੂਦ ਨੇ ਜਦ ਰੱਬ ਤੇ ਸ਼ੈਤਾਨ ਵੀ,
ਕਿਉਂ ਭਾਲਦੈ ਫਿਰ ਓਸ ਨੂੰ ਬਹਿ ਖੰਧਰਾਂ ਵਿਚ ਦੋਸਤਾ।

ਜਿਸ ਥਾਂ ਖ਼ੁਸ਼ੀ ਦੇ ਕਮਲ ਖਿੜਦੇ ਸਨ ਸਵੇਰਾ ਚੜ੍ਹਦਿਆਂ,
ਹੁਣ ਸਦਮਿਆਂ ਦੀ ਗਾਰ ਹੈ ਦਿਲ ਦੇ ਸਰਾਂ ਵਿਚ ਦੋਸਤਾ।

ਅਨਜਾਣ ਨੇ ਇਕ ਦੂਸਰੇ ਤੋਂ ਡਾਕ ਵਿਚ ਜਿਉਂ ਖ਼ਤ ਪਏ,
ਇਉਂ ਵੱਸ ਰਹੇ ਨੇ ਲੋਕ ਵੀ ਆਪਣੇ ਘਰਾਂ ਵਿਚ ਦੋਸਤਾ।

ਇਹ ਜ਼ਿੰਦਗੀ ਜੋ ਦੋਸਤੀ ਦੇ ਨਾਮ 'ਤੋਂ ਕੁਰਬਾਨ ਸੀ,
ਕਿਉਂ ਡੋਬ ਆਇਐਂ ਨਫ਼ਰਤਾਂ ਦੇ ਸਰਵਰਾਂ ਵਿਚ ਦੋਸਤਾ।

ਪੰਜੇ ਫਸਾਅ ਕੇ ਜਾਲ ਵਿਚ ਫਿਰ ਖ਼ਾਬ ਲੈਂਦੈਂ ਗਗਨ ਦੇ,
ਤੂੰ ਭੁੱਲ ਜਾ ਪਰਵਾਜ਼ ਭਰਨੀ ਅੰਬਰਾਂ ਵਿਚ ਦੋਸਤਾ।

ਮਹਿਬੂਬ ਦੇ ਉਸ ਸ਼ਹਿਰ ਨੂੰ ਸਾਥੋਂ ਜਲਾਇਆ ਨਾ ਗਿਆ,
ਭਾਵੇਂ ਲੁਕੋਈ ਅੱਗ ਫਿਰਦੇ ਸਾਂ ਪਰਾਂ ਵਿਚ ਦੋਸਤਾ।

ਫਿਤਰਤ ਨਾ 'ਦਰਸ਼ਨ' ਸੀਸ ਦੀ ਜੋ ਦਰ-ਬ-ਦਰ ਝੁਕਦਾ ਰਹੇ,
ਇਹ ਦਰ ਖ਼ੁਦਾ ਦਾ ਜਾਣ ਕੇ ਧਰਿਐ ਦਰਾਂ ਵਿਚ ਦੋਸਤਾ।

✪

## ਗ਼ਜ਼ਲ

ਜਦ ਗਰਦਿਸ਼ਾਂ ਵਿਚ ਘਿਰ ਗਏ ਅਪਣੇ ਸਿਤਾਰੇ ਦੋਸਤਾ।
ਫਿਰ ਸਾਥ ਸਾਡਾ ਛੱਡ ਗਏ ਹੰਝੂ ਵੀ ਖ਼ਾਰੇ ਦੋਸਤਾ।

ਜਦ ਦੇਖ ਸਾਡੇ ਹੱਥ ਖਾਲੀ ਰੁੱਤ ਪਾਸਾ ਵੱਟ ਗਈ,
ਫਿਰ ਤਾਂ ਸਹਾਰੇ ਬਣ ਗਏ ਕੁਝ ਗ਼ਮ ਵਿਚਾਰੇ ਦੋਸਤਾ।

ਖਾਲੀ ਘੜੇ ਤਕਦੀਰ ਦੇ ਕਿੱਥੇ ਲਿਜਾਂਦੇ ਭਰਨ ਨੂੰ,
ਸੋਖੇ ਨਸੀਬਾਂ ਦੇ ਗਏ ਚਸ਼ਮੇ ਹੀ ਸਾਰੇ ਦੋਸਤਾ।

ਬੁਨਿਆਦ ਬਿਨ ਦੀਵਾਰ ਜੋ ਨਾ ਬੋਝ ਆਪਣਾ ਸਹਿ ਸਕੇ,
ਉਸ ਕਿਸ ਤਰ੍ਹਾਂ ਸੀ, ਝੱਲਣੇ ਉੱਚੇ ਚੁਬਾਰੇ ਦੋਸਤਾ।

ਲਲਚਾ ਰਿਹਾ ਸੀ ਮਨ ਭਲੇ ਹੀ ਗਗਨ ਖੁੱਲ੍ਹਾ ਦੇਖ ਕੇ,
ਐਪਰ ਕਿਤੋਂ ਨਾ ਮਿਲ ਸਕੇ ਦੋ, 'ਪਰ' ਉਧਾਰੇ ਦੋਸਤਾ।

ਮਹਿਮਾਨ ਬਣ ਕੇ ਤੁਰ ਗਈ ਜਾਂ ਜ਼ਿੰਦਗੀ ਦੀ ਹਰ ਖ਼ੁਸ਼ੀ,
ਫਿਰ ਹਸਰਤਾਂ ਦੀ ਝੋਲ ਭਰਦੇ ਕਿਸ ਸਹਾਰੇ ਦੋਸਤਾ।

ਸਿਜਦਾ ਕਰਾਂ ਮੈਂ ਹਰ ਘੜੀ ਉਸ ਨੂਰ ਦੇ ਵਿਸਮਾਦ ਨੂੰ,
ਸਿਰਜੇ ਗਏ ਜਿਸ ਦੇ ਸਹਾਰੇ ਸਭ ਨਜ਼ਾਰੇ ਦੋਸਤਾ।

ਹਰ ਫ਼ੈਸਲਾ ਤਕਦੀਰ ਦਾ ਹੁੰਦਾ ਕਿਤੇ ਹੱਥ ਆਪਣੇ,
ਕਿਉਂ ਭਟਕਦੇ ਬਣਕੇ ਵਿਚਾਰੇ ਹਰ ਦਵਾਰੇ ਦੋਸਤਾ।

ਜੇ ਅੱਖ ਹੁੰਦੀ ਆਪਣੀ 'ਦਰਸ਼ਨ' ਦਿਲਾਂ ਦੀ ਜਾਣਦੀ,
ਪਰ ਅੱਖ ਪੱਥਰ ਦੀ ਕਿਵੇਂ ਸਮਝੇ ਇਸ਼ਾਰੇ ਦੋਸਤਾ।

✪

## ਗ਼ਜ਼ਲ

ਪਾਣੀ ਤਾਂ ਪਾਣੀ ਨਾਲ ਰਲ ਕੇ ਸਾਗਰਾਂ ਤੱਕ ਵਹਿਣਗੇ।
ਇਉਂ ਦੋਸਤੀ ਦੇ ਵੇਗ ਵਗਦੇ ਆਖ਼ਿਰਾਂ ਤੱਕ ਰਹਿਣਗੇ।

ਇਕ ਆਸ ਲੈ ਕੇ ਮਿਲਣ ਦੀ ਬੂੰਦਾਂ ਦੇ ਤੁਰਦੇ ਕਾਫਲੇ,
ਕਦ ਤੀਕ ਸਾਗਰ ਦਾ ਵਿਛੋੜਾ ਇਹ ਭਲਾ ਫਿਰ ਸਹਿਣਗੇ।

ਚੁੱਪਚਾਪ ਬੈਠਣਗੇ ਕਿਵੇਂ ਇਹ ਹੜ੍ਹ ਚੜ੍ਹੇ ਜਜ਼ਬਾਤ ਦੇ,
ਜਦ ਤੱਕ ਹਰਾਰਤ ਖ਼ੂਨ ਵਿਚ ਇਹ ਮੁਸ਼ਕਿਲਾਂ ਸੰਗ ਖਹਿਣਗੇ।

ਜਿਗਰਾ ਕਿਵੇਂ ਨਾ ਡੋਲ ਜਾਵੈ ਪਰਬਤਾਂ ਦਾ ਉਸ ਘੜੀ,
ਜਿਸ ਵਕਤ ਬੱਦਲ, ਜਲਜ਼ਲੇ ਦੇ ਕਹਿਰ ਏਥੇ ਢਹਿਣਗੇ।

ਜੇ ਧੂੜ ਦੇ ਕਣ ਉਛਲ ਕੇ ਹਨ ਗਗਨ ਛੂਹਣਾ ਲੋਚਦੇ,
ਛੂਹ ਸਕਣਗੇ ਕਦ ਗਗਨ ਨੂੰ ਬਸ ਧਰਤ 'ਤੇ ਆ ਬਹਿਣਗੇ।

ਦਿਲ ਦੀ ਉਮੰਗ ਨਾ ਰੁਕਣ ਦੇਂਦੀ ਮੁਸ਼ਕਿਲਾਂ ਤੋਂ ਡਰਦਿਆਂ,
ਕਿਸ ਨੂੰ ਭਲਾ ਪਰਵਾਹ ਲੋਕੀਂ ਆਖ਼ਿਰਾਂ ਕੀ ਕਹਿਣਗੇ।

ਮਾਂਝੀ ਸਿਆਣੇ ਜਾਣਦੇ ਨੇ ਹਰ ਨਜ਼ਾਕਤ ਵਕਤ ਦੀ,
ਦਰਸ਼ਨ ਬਚਾਅ ਹੀ ਲੈਣਗੇ ਜੇ ਵਿਚ ਤੂਫ਼ਾਨਾਂ ਲਹਿਣਗੇ।

✪

## ਗ਼ਜ਼ਲ

ਜਦ ਅਣਸੁਣੀ ਫ਼ਰਿਆਦ ਦਾ ਸੀਨੇ 'ਤੇ ਪੱਥਰ ਜਰ ਲਿਆ।
ਕਿਸ ਬੇਵਸੀ ਵਿਚ ਫਿਰ ਇਰਾਦਾ ਖ਼ੁਦਕੁਸ਼ੀ ਦਾ ਕਰ ਲਿਆ।

ਨਾਜ਼ੁਕ ਜਿਹੇ ਸਨ ਫੁੱਲ ਤੇਰੇ ਬਣ ਗਏ ਪੱਥਰ ਕਿਵੇਂ?
ਕੋਮਲ ਜਿਹਾਂ ਨੇ ਕਿਉਂ ਅਕੀਦਾ ਆਪਣਾ ਸੀ ਹਰ ਲਿਆ।

ਖ਼ੁਦ ਤੋੜ ਜਾਵੇ ਗੀ, ਕਿਨਾਰੇ ਮੌਜ ਤਿੱਖੀ ਆਣ ਕੇ,
ਜੇ ਜਾਣਦੈ ਕਿਉਂ ਫੇਰ ਵੀ ਉਸ 'ਤੇ ਭਰੋਸਾ ਕਰ ਲਿਆ।

ਬੇੜੀ ਬਿਨਾਂ ਪਤਵਾਰ ਦੇ ਤੂੰ ਠੇਲ੍ਹ ਕੇ ਸੀ ਤੁਰ ਗਿਆ,
ਐ ਦੇਖ ਲਹਿਰਾਂ ਦੇ ਸਹਾਰੇ ਮੈਂ ਸਮੁੰਦਰ ਤਰ ਲਿਆ।

ਜੋ ਵੀ ਗਿਆ ਤੇਰੀ ਗਲ਼ੀ ਲਥ-ਪਥ ਹੋ ਕੇ ਪਰਤਿਆ,
ਕਿਸੇ ਤੋਂ ਹਿਫ਼ਾਜਤ ਵਾਸਤੇ ਤੂੰ ਦਲਦਲਾਂ ਵਿਚ ਘਰ ਲਿਆ।

ਕਿਸ ਸੋਚਿਆ ਸੀ ਗ਼ੈਰ ਨੂੰ ਗ਼ੈਰਤ ਲੁਟਾਵੋਂਗੇ ਤੁਸੀਂ,
ਫਿਰ ਕਿਉਂ ਪਲੀਤਾ ਤੁਹਮਤਾਂ ਦਾ ਸਿਰ ਤੁਸਾਂ ਨੇ ਧਰ ਲਿਆ।

ਹਰ ਇਕ ਚੁਰਾਹੇ 'ਤੇ ਲਿਖੇ ਕੁਝ ਬੋਲ 'ਦਰਸ਼ਨ' ਨੂੰ ਮਿਲੇ,
ਅੱਜ ਉਗ਼ਰ ਹੋਏ 'ਨੇਰਿਆਂ ਸੂਰਜ ਕਲਾਵੇ ਭਰ ਲਿਆ।

✪

## .ਗ਼ਜ਼ਲ

ਰੁੱਖਾਂ 'ਤੇ ਭਾਵੇਂ ਬਦਲਦੇ ਸਾਂ ਰੋਜ਼ ਹੀ ਇਕ ਆਲਣਾ।
ਪਰ ਬਿਜਲੀਆਂ ਵੀ ਮਿੱਥ ਲਿਆ ਸੀ ਜੰਗਲਾਂ ਨੂੰ ਜਾਲਣਾ।

ਖ਼ੁਦ ਮੀਚ ਕੇ ਅੱਖਾਂ ਕਬੂਤਰ ਸਮਝਦੈ ਬਿੱਲੀ ਗਈ,
ਫ਼ਿਤਰਤ ਸ਼ਿਕਾਰੀ ਨੂੰ ਭਲਾ ਕਿਸ ਆਣ ਕੇ ਸੀ ਟਾਲਣਾ।

ਉੱਜੜੇ ਹਾਂ ਲੱਖਾਂ ਵਾਰ ਹੀ ਮੁੜ ਫੇਰ ਵੱਸਣ ਵਾਸਤੇ,
ਵਣਜਾਰਿਆਂ ਜਿਉਂ ਉਮਰ ਭਰ ਹੈ ਢੰਗ ਏਹੋ ਢਾਲਣਾ।

ਬੱਚਾ ਬਣਾ ਕੇ ਰੇਤ ਦਾ ਘਰ ਤੋੜਦੈ ਫਿਰ ਓਸ ਨੂੰ,
ਗਿਣਤੀ 'ਚ ਪਰ ਨਹੀਂ ਰੱਖਦਾ ਉਸ ਵਕਤ ਦੀ ਉਹ ਘਾਲਣਾ।

ਬਚਪਣ ਗਵਾਚਾ ਕਦ ਮਿਲੇ ਲੱਖ ਦੌਲਤਾਂ ਵੀ ਖਰਚ ਕੇ,
ਬੰਦਾ ਭੁਲਾਵੇ ਪਰ ਕਿਵੇਂ ਬੀਤੇ 'ਚੋਂ ਇਸ ਨੂੰ ਭਾਲਣਾ।

ਘਰ ਦੀ ਲਵੇਰੀ ਵਿਕ ਗਈ ਜਦ ਮੇਮਨੇ ਦੇ ਮੁੱਲ ’ਤੇ,
ਫਿਰ ਗੁਰਬਤਾਂ ਮਾਰੇ ਕਿਵੇਂ ਸੀ ਪੇਟ ਭੁੱਖਾ ਪਾਲਣਾ।

ਸੀਨੇ ਲਗਾਵੇ ਮੀਤ ਫਿਰ ਜਦ ਹਾਰ ਗਲ ਦਾ ਬਣ ਸਕੇ,
ਪਹਿਲਾਂ ਮੁਹੱਬਤ ਦੀ ਕੁਠਾਲੀ ਵਿਚ ਖ਼ੁਦੀ ਨੂੰ ਢਾਲਣਾ।

ਦਮ ਤੋੜਦੇ ਸਾਹ ਰਹਿਣਗੇ ਹਰ ਵਕਤ ਪਹਿਲਾਂ ਆਉਣ ਤੋਂ,
ਜਦ ਆਰਤੀ ਦੇ ਦੀਵਿਆਂ ਮਿਥ ਲਿਆ ਘਰਾਂ ਨੂੰ ਜਾਲਣਾ।

ਅਰਮਾਨ ਦਿਲ ਦੇ ਦਫ਼ਨ ਕਰਕੇ ਮੁੜ ਰਹੀ ਉਸ ਰੀਝ ਨੂੰ
ਕਬਰਾਂ ’ਚੋਂ ‘ਦਰਸ਼ਨ’ ਆਖਿਆ ਦੀਵਾ ਕਦੇ ਆ ਬਾਲਣਾ।

✪

## ਗ਼ਜ਼ਲ

ਪੱਲੇ ਜੇ ਮਿੱਠੇ ਬੋਲ ਨਹੀਂ।
ਤਾਂ ਕੁਝ ਵੀ ਤੇਰੇ ਕੋਲ ਨਹੀਂ।

ਇਹ ਇਸ਼ਕ ਮੁਹੱਬਤ ਦਾ ਹੀਰਾ,
ਇਉਂ ਪੈਰਾਂ ਹੇਠਾਂ ਰੋਲ ਨਹੀਂ।

ਰੱਖ ਪੈਰ ਟਿਕਾ ਕੇ ਧਰਤੀ 'ਤੇ,
ਬਸ ਏਧਰ ਓਧਰ ਡੋਲ ਨਹੀਂ।

ਫਿਰ ਪੈਰੀਂ ਜੁੰਬਿਸ਼ ਕਿੰਜ ਭਰੇ,
ਜਿਸ ਥਾਂ 'ਤੇ ਵੱਜਦਾ ਢੋਲ ਨਹੀਂ।

ਕਿਉਂ ਸੱਤ ਸਮੁੰਦਰ ਮਿਲ ਸਕਦੇ,
ਜੇ ਧਰਤੀ ਹੁੰਦੀ ਗੋਲ ਨਹੀਂ।

ਜਦ ਦਾਰ 'ਤੇ ਰੀਝਾਂ ਚਾੜ੍ਹਨਗੇ,
ਦਿਲ ਰਹਿਣਾ ਫੇਰ ਅਡੋਲ ਨਹੀਂ।

ਕਿਸ ਅਰਥ ਇਬਾਦਤ ਉਸ ਰੱਬ ਦੀ,
ਜੋ ਭਰਦਾ ਖ਼ਾਲੀ ਝੋਲ ਨਹੀਂ।

ਜੀਵਨ ਤਾਂ ਰੱਬ ਦਾ ਤੋਹਫ਼ਾ ਹੈ,
ਕੁਝ ਇਸ ਤੋਂ ਵੱਧ ਅਨਮੋਲ ਨਹੀਂ।

ਜੋ ਅੰਦਰ ਤੇਰੇ ਵੱਸ ਰਿਹੈ,
ਉਹ ਬਾਹਰੋਂ 'ਦਰਸ਼ਨ' ਟੋਲ ਨਹੀਂ।

✪

## ਗ਼ਜ਼ਲ

ਖ਼ਾਮੋਸ਼ ਹੈ ਵੀਰਾਨ ਵੀ ਹਰ ਇਕ ਬਸੇਰਾ ਸ਼ਹਿਰ ਦਾ।
ਕਿਸ 'ਨੇਰ੍ਹ ਨੇ ਹੈ ਨਿਗਲਿਆ ਚੜ੍ਹਦਾ ਸਵੇਰਾ ਸ਼ਹਿਰ ਦਾ।

ਖੁੱਲ੍ਹੇ ਦਰਾਂ ਵਿਚ ਝਾਕਣੋਂ ਹੁਣ ਤਾਂ ਹਵਾ ਵੀ ਕੰਬਦੀ,
ਹਾਕਿਮ ਜਦੋਂ ਦਾ ਬਣ ਗਿਆ ਆ ਕੇ ਲੁਟੇਰਾ ਸ਼ਹਿਰ ਦਾ।

ਲਾਵਾ ਦਿਲਾਂ ਦੀ ਧਰਤ ਨੇ ਇਹ ਕਿਸ ਤਰ੍ਹਾਂ ਦਾ ਉਗਲਿਆ,
ਜ਼ਿੰਦਾ ਜਲਾਈ ਜਾ ਰਿਹੈਂ ਹਰ ਇਕ ਵਡੇਰਾ ਸ਼ਹਿਰ ਦਾ।

ਤੂਫ਼ਾਨ ਤਾਂ ਸੀ ਗੁਜ਼ਰਿਆ ਸ਼ਾਇਦ ਦੁਰੇਡਾ ਹੀ ਕਿਤੋਂ,
ਲੇਕਿਨ ਪਿਆ ਹੈ ਡੋਲਦਾ ਹਰ ਇਕ ਬਨੇਰਾ ਸ਼ਹਿਰ ਦਾ।

ਹਰ ਇਕ ਜ਼ੁਬਾਂ ਬਣ ਨਾਗਨੀ ਫਿਰਦੀ ਚੁਫੇਰਾ ਡੰਗਦੀ;
ਖ਼ੁਦ ਵੀ ਗਿਆ ਹੈ ਡੰਗਿਆ ਜੋ ਸੀ ਸਪੇਰਾ ਸ਼ਹਿਰ ਦਾ।

ਵਸਤੀ ਉਜਾੜੀ ਆਪ ਦਿਲ ਦੀ ਹੀਰ ਹੱਥੀਂ ਤੋਰ ਕੇ,
ਹੁਣ ਹੋਰ ਕਿਸਦੇ ਵਾਸਤੇ ਗਾਹੇਂ ਚੁਫ਼ੇਰਾ ਸ਼ਹਿਰ ਦਾ।

ਮਹਿਫ਼ੂਜ਼ ਕੀਕਣ ਸਮਝਦਾ ਖ਼ੁਦ ਨੂੰ ਮੁਸਾਫ਼ਿਰ ਇਸ ਜਗ੍ਹਾ,
ਜਦ ਤੋਂ ਲੁਟੇਰਾ ਬਣ ਗਿਆ ਹੈ ਰਾਹ ਦਸੇਰਾ ਸ਼ਹਿਰ ਦਾ।

ਅੱਜ ਦੁਸ਼ਮਣਾਂ ਦੀ ਸੱਥ ਦੇ ਵਿਚ ਬਣ ਧਰੂ ਜੋ ਬੈਠਿਐ,
ਕਦੇ ਅਮਨ ਨਾਲੇ ਦੋਸਤੀ ਦਾ ਸੀ ਫੁਰੇਰਾ ਸ਼ਹਿਰ ਦਾ।

ਜਦ ਦੀਵਿਆਂ ਦੀ ਜੀਰਿਆ ਹੈ ਤੇਲ ਅਪਣੀ ਹੋਂਦ ’ਚੋਂ,
ਫਿਰ ਜਗਮਗਾਏ ਕਿਸ ਤਰ੍ਹਾਂ ਹਰ ਇਕ ਬਨੇਰਾ ਸ਼ਹਿਰ ਦਾ।

ਜਿਸ ਮੋੜ ’ਤੇ ਸੀ ਛੱਡਿਆ ਤੂੰ ਸਾਥ ਮੇਰਾ ਸੱਜਣਾ,
‘ਦਰਸ਼ਨ’ ਉਸੇ ਥਾਂ ਸਿਮਟਿਆ ਜਾਪੇ ਹਨੇਰਾ ਸ਼ਹਿਰ ਦਾ।

✪

## .ਗ਼ਜ਼ਲ

ਕੁਝ ਦੌਰ ਗ਼ਮਾਂ ਦੇ ਗੁਜ਼ਰ ਗਏ ਖਹਿ-ਖਹਿ ਕੇ ਨਾਲ ਬਹਾਰਾਂ ਦੇ।
ਕੁਝ ਦਿਲ 'ਤੇ ਆਸਣ ਲਾ ਬੈਠੇ ਘੁਲ ਮਿਲ ਕੇ ਵਾਂਗਰ ਯਾਰਾਂ ਦੇ।

ਪੈਰਾਂ ਵਿਚ ਆਈ ਜਦ ਜੁੰਬਿਸ਼ ਮਨ ਨੱਚਣ ਨੂੰ ਉਕਸਾ ਬੈਠਾ,
ਪਰ ਨੱਚਣ ਨੂੰ ਜਦ ਪੈਰ ਉਠੇ ਗ਼ਮ ਪੁੜ ਗਏ ਵਾਗੂੰ ਖ਼ਾਰਾਂ ਦੇ।

ਖ਼ੁੱਦਾਰੀ ਦੇ ਨਾਲ ਜ਼ਮਾਨੇ ਦਾ ਹੈ ਮੁੱਢ ਕਦੀਮੀ ਵੈਰ ਰਿਹਾ,
ਇਹਦੇ ਸਿਰ 'ਤੇ ਝੱਖੜ ਨਿੱਤ ਝੁੱਲੇ ਤੀਰਾਂ ਤੇ ਤਲਵਾਰਾਂ ਦੇ।

ਗਲ ਹਾਰ ਪਵਾ ਕੇ ਦੁਸ਼ਮਣ ਤੋਂ ਸਮਝੋ ਹਾਂ ਜਿੱਤ ਕੇ ਹਾਰ ਗਏ,
ਸਿਰ ਝੁਕਦੇ ਵੈਰੀ ਅੱਗੇ ਜੋ ਬਣ ਜਾਂਦੇ ਚਿੰਨ ਉਹ ਹਾਰਾਂ ਦੇ।

ਜੋ ਦੁੱਖਾਂ ਦੀ ਅਕਸੀਰ ਬਣੇ ਮਿਲਦੇ ਸਨ ਠੰਢੀ ਛਾਂ ਬਣਕੇ,
ਕਿਸ ਵੈਰੀ ਆ ਕੇ ਕੋਹ ਸੁੱਟੇ ਦਿਲ ਐਸੇ ਹੀ ਦਿਲਦਾਰਾਂ ਦੇ।

ਇਸ ਧਰਤੀ ਉਤਲੀ ਜੰਨਤ ਦੀ ਕਿਉਂ ਮਮਤਾ ਰੱਤ 'ਚ ਡੁੱਬੀ ਹੈ,
ਕਿਉਂ ਬਰਫ਼ਾਂ ਨੇ ਹੀ ਲੂਹ ਸੁੱਟੇ ਇਹ ਕੂਲੇ ਪੱਤ ਚਿਨਾਰਾਂ ਦੇ।

ਨਾ ਰੁੱਤ ਬਸੰਤ ਰਹੀ ਆਪਣੀ ਨਾ ਸਾਵਣ 'ਦਰਸ਼ਨ' ਹੋ ਸਕਿਆ,
ਸਿਰ ਲੈ ਫੁਲਕਾਰੀ ਪੱਤਝੜ ਦੀ ਚਾਅ ਮਰ ਗਏ ਨੇ ਗੁਲਜ਼ਾਰਾਂ ਦੇ।

✪

## ਗ਼ਜ਼ਲ

ਖ਼ੁਦ ਤੋਂ ਖ਼ੁਦ ਦੀ ਹੋਂਦ ਚੁਰਾਵੇ ਇਸ਼ਕੇ ਦਾ ਦਸਤੂਰ ਜਿਹਾ।
ਪਲ ਪਲ ਪਿਘਲੇ ਮੋਮ ਦੇ ਵਾਂਗੂੰ ਬੰਦਾ ਹੋ ਮਜਬੂਰ ਜਿਹਾ।

ਮੁੱਠ ਕੁ ਹਾਸੇ ਬੀਜ ਲਏ ਸਨ ਦਿਲ ਆਪਣੇ ਦੀ ਧਰਤੀ ’ਤੇ,
ਜਦ ਫਲ ਲੱਗਾ ਤਾਂ ਹਿਜਰਾਂ ਦਾ ਆਹਾਂ ਵਿਚ ਭਰਪੂਰ ਜਿਹਾ।

ਸਾਵਣ ਵੱਸੇ ਲੱਖ ਵੇਰਾਂ ਕਦ ਰੂਹ ਭਿੱਜੇਗੀ ਬਿਰਹਣ ਦੀ,
ਬੰਜਰ ਧਰਤੀ ਕਿੰਜ ਲਿਆਵੇ ਆਸਾਂ ਉੱਤੇ ਬੂਰ ਜਿਹਾ।

ਹਿਜਰ ਵਸਲ ਭਾਵੇਂ ਦੋ ਪਹਿਲੂ ਇਸ਼ਕੇ ਦੇ ਇਕ ਸਿੱਕੇ ਦੇ,
ਦੋਹਾਂ ਬਿਨ ਕਦ ਆਉਂਦੈ ਕਿਧਰੇ ਜੀਵਨ ਵਿਚ ਸਰੂਰ ਜਿਹਾ।

ਉਠਾਂ ਵਾਲੇ ਤੁਰ ਜਾਂਦੇ ਨੇ ਜ਼ਖ਼ਮੀ ਕਰਕੇ ਚਾਵਾਂ ਨੂੰ,
ਜ਼ਖ਼ਮ ਉਚੇੜੇ ਪਲ-ਪਲ ਬਿਰਹਾ ਆਵੇ ਕਿੰਜ ਅੰਗੂਰ ਜਿਹਾ।

ਰਾਤ ਦਿਨੇ ਇਕ ਪੀੜਾ ਝੱਲੀ ਆ ਪੱਤਣ ’ਤੇ ਬਹਿੰਦੀ ਹੈ,
ਸ਼ਾਇਦ ਸੱਜਣ ਮੋੜ ਲਿਆਵੇ ਆਉਂਦਾ ਕੋਈ ਪੂਰ ਜਿਹਾ।

ਨੂਰ ਖ਼ੁਦਾ ਦਾ ਦਿਸਦਾ ਕੀਕਣ ਮੈਲੀ ਅੱਖ ਦੇ ਸ਼ੀਸ਼ੇ ’ਚੋਂ,
ਉਸ ਦੀ ਜੋਤ ਜਲੇ ਜਦ ਨੈਣੀਂ ਹਰ ਥਾਂ ਦਿਸੇ ਨੂਰ ਰਿਹਾ।

ਬੁਝ ਗਏ ਦੀਪ ਉਮੀਦਾਂ ਵਾਲੇ ਰੱਖੇ ਸਨ ਜੋ ਰਾਹਾਂ ’ਤੇ,
ਸਮਝੇ ਸਾਂ ਉਹ ਦਿਲ ਦਾ ਹਾਣੀ ਝਉਲਾ ਸੀ ਜੋ ਦੂਰ ਜਿਹਾ।

ਡੂੰਘੇ ਪਾਣੀ ਵਿਚ ਉਤਰੇ ਜਾਂ ਥਾਹ ਸਾਗਰ ਦੀ ਪਾਉਣ ਲਈ,
ਘੁਲ਼ ਗਏ ‘ਦਰਸ਼ਨ’ ਲੂਣ ਦੇ ਵਾਂਗੂੰ ਸਾਗਰ ਸੀ ਮਗਰੂਰ ਜਿਹਾ।

✪

## ਗ਼ਜ਼ਲ

ਭਾਵੇਂ ਥਲਾਂ ਵਿਚ ਸੋੜ ਦੇ।
ਜਾਂ ਫਿਰ ਝਨਾਂ ਵਿਚ ਬੋੜ ਦੇ।

ਕਦ ਇਸ਼ਕ ਭਾਂਡਾ ਕੱਚ ਦਾ,
ਜਦ ਜੀਅ ਕਰੇ ਫਿਰ ਤੋੜ ਦੇ।

ਡਰਦੇ ਕਦੋਂ ਨੇ ਕਹਿਰ ਤੋਂ,
ਜੇ ਪ੍ਰੀਤ ਸੱਚੀ ਜੋੜਦੇ।

ਇਕ ਵਾਰ ਲੱਗੇ ਕਦ ਮੁੜੇ,
ਕਿਉਂ ਲੋਕ ਪਾਗਲ ਹੋੜਦੇ।

ਅਣਮੋੜ ਹੋਈਆਂ ਸੱਧਰਾਂ,
ਕਦ ਮੁੜਨ ਕੀਕਣ ਮੋੜਦੇ।

ਜਾਪੇ ਹਕੀਕਤ ਇਸ਼ਕ ਦੀ,
ਜਿਉਂ ਜਾਮ ਪਹਿਲੀ ਤੋੜ ਦੇ।

ਇਹ ਇਸ਼ਕ ਜੇ ਬਰਸਾਤ ਹੈ,
ਕਿਉਂ ਫਿਰ ਨਾ ਇਸਨੂੰ ਲੋੜਦੇ।

ਬਣਦੇ ਸਿਧਾਰਥ ਬੁੱਧ ਕਿਵੇਂ,
ਜੇ ਰਾਜ ਸੁੱਖ ਨਾ ਛੋੜਦੇ।

ਵਿਰਲੇ ਹੀ ਸਹਿਤੀ ਵਾਂਗਰਾਂ
ਟੁੱਟੇ ਦਿਲਾਂ ਨੂੰ ਜੋੜਦੇ।

'ਦਰਸ਼ਨ' ਨਿਭਾ ਕੇ ਪ੍ਰੇਮ ਨੂੰ,
ਫਿਰ ਹੱਸ ਕੇ ਜੱਗ ਛੋੜਦੇ।

✪

## ਗ਼ਜ਼ਲ

ਜਦ ਜ਼ਿੰਦਗੀ 'ਤੇ ਮੌਤ ਵਿਚ ਸੀ ਵਾਲ ਭਰ ਦਾ ਫ਼ਾਸਲਾ।
ਤਦ ਜ਼ੁਲਮ ਅੱਗੇ ਝੁਕਿਆ ਨਾ ਸਿਰ ਤੇਰਾ ਪਿਆਰੀ ਕਰਬਲਾ।

ਇਹ ਜ਼ਹਿਰ ਪਿਆਲਾ ਮੌਤ ਦੇਵੇ ਸਿਰਫ਼ ਤਨ ਦੀ ਹੋਂਦ ਨੂੰ;
ਰੂਹ ਦੀ ਮੁਹੱਬਤ ਨੂੰ ਕਦੇ ਨਾ ਮਾਰ ਸਕਦਾ ਜਲਜਲਾ।

ਜਦ ਸੋਚ ਪੱਥਰ ਹੋ ਗਈ ਸੀ ਪੱਥਰਾਂ ਨੂੰ ਪੂਜ ਕੇ,
ਫਿਰ ਕਤਲ ਹੁੰਦਾ ਨਾ ਕਿਵੇਂ ਇਹ ਹਸਰਤਾਂ ਦਾ ਵਲਵਲਾ।

ਜੋ ਲਾਰਿਆਂ ਦੀ ਫ਼ਸਲ ਤੇਰੀ ਦਿਨ-ਬ-ਦਿਨ ਹੈ ਨਿਸਰਦੀ;
ਉਹ ਪੇਟ ਭੁੱਖਾ ਭਰ ਸਕੇ ਨਾ ਦੇ ਸਕੇਗੀ ਹੌਂਸਲਾ।

ਇਸ ਰੇਤ ਦੇ ਸਾਗਰ 'ਚ ਪਿਆਸਾ ਤੂੰ ਸਦਾ ਹੀ ਭਟਕਿਐ;
ਦਰਿਆ ਕਿਨਾਰੇ ਵੀ ਖੜ੍ਹਾ ਹੈ ਫੇਰ ਪਿਆਸਾ ਕਿਉਂ ਭਲਾ।

ਪੈਰਾਂ 'ਚ ਬੱਝੇ ਪੈਂਡਿਆਂ ਦੀ 'ਸੀਸ ਕੋਈ ਦੇ ਗਿਆ,
ਉਸ ਨਾਲ ਜੁੜਦਾ ਫਿਰ ਗਿਆ ਬਸ ਛਾਲਿਆਂ ਦਾ ਕਾਫ਼ਿਲਾ।

ਮੇਲੇ ਮੁਹੱਬਤ ਦੇ ਲਗਾ ਕੇ ਦੋ ਘੜੀ ਤੂੰ ਮਾਣ ਲੈ,
'ਦਰਸ਼ਨ' ਮਿਟਾ ਦੇ ਜ਼ਿੰਦਗੀ 'ਚੋਂ ਨਫ਼ਰਤਾਂ ਦਾ ਸਿਲਸਿਲਾ।

✪

## .ਗ਼ਜ਼ਲ

ਬੜੇ ਨਾਜ਼ੁਕ ਬੜੇ ਸੋਹਣੇ ਕਿ ਬਹੁਤ ਕਮਾਲ ਇਹ ਰਿਸ਼ਤੇ।
ਦਿਲਾਂ ਵਿਚ ਧੜਕਣਾਂ ਵਰਗੇ ਨਿਭਾਵੀਂ ਨਾਲ ਇਹ ਰਿਸ਼ਤੇ।

ਬਚਾਵੀਂ ਠੋਕਰਾਂ ਕੋਲੋਂ ਜੋ ਕੱਚੇ ਕੱਚ ਦੇ ਵਰਗੇ,
ਮਤਾਂ ਇਹ ਤਿੜਕ ਵੀ ਜਾਵਣ ਰਤਾ ਸੰਭਾਲ ਇਹ ਰਿਸ਼ਤੇ।

ਕਦੇ ਰੁੱਖਾਂ ਦੀ ਛਾਂ ਬਣਦੇ ਸਿਰਾਂ 'ਤੇ ਧੁੱਪ ਵੀ ਸਹਿੰਦੇ,
ਜੜ੍ਹਾਂ ਤੋਂ ਪੁੱਟ ਵੀ ਜਾਂਦੇ ਬਣੇ ਭੂਚਾਲ ਇਹ ਰਿਸ਼ਤੇ।

ਢਲੇ ਫੌਲਾਦ ਦੇ ਵਾਗੂੰ ਜਲਾ ਦੇਵਣ ਪਲਾਂ ਅੰਦਰ,
ਕਿਆਮਤ ਰੋਕ ਲੈਂਦੇ ਨੇ ਬਣੇ ਜਾਂ ਢਾਲ ਇਹ ਰਿਸ਼ਤੇ।

ਇਨ੍ਹਾਂ ਦੇ ਪ੍ਰੇਮ ਦਾ ਬੰਧਨ ਬਣੇ ਜੰਜੀਰ ਪੈਰਾਂ ਦੀ,
ਕਦੇ ਮਮਤਾ ਕਦੇ ਭਗਤੀ ਦਿਲਾਂ ਦਾ ਜਾਲ ਇਹ ਰਿਸ਼ਤੇ,

ਜਮਾਂ ਨੂੰ ਹਾਰਨਾ ਪੈਂਦੈ ਕਿਸੇ ਦੀ ਜ਼ਿੱਦ ਦੇ ਅੱਗੇ,
ਝੁਕੇ ਜਮਰਾਜ ਵੀ ਓਥੇ ਜਾਂ ਖੜ੍ਹਦੇ ਨਾਲ ਇਹ ਰਿਸ਼ਤੇ।

ਕਿਸੇ ਮਾਸੂਮ ਬੱਚੇ ਨੂੰ ਮਿਲੀ ਸੌਗਾਤ ਦੇ ਵਰਗੇ,
ਖ਼ੁਸ਼ੀ ਇਹ ਵੰਡਦੇ ਜਾਪਣ ਬਣੇ ਜਾਂ ਬਾਲ ਇਹ ਰਿਸ਼ਤੇ।

ਕਿਸੇ ਦੇ ਧੋਖਿਆਂ ਕਾਰਨ ਮਿਟਾ ਕੇ ਆਸ ਨਾ ਬੈਠੀਂ,
ਨਿਆਮਤ ਰੱਬ ਦੀ ਵਰਗੇ ਲਿਆਵੀਂ ਭਾਲ ਇਹ ਰਿਸ਼ਤੇ।

ਭਲੇ ਹੀ ਸੰਕਰੇ ਰਸਤੇ ਨਿਭਾਵੀਂ ਸਾਥ ਤੂੰ 'ਦਰਸ਼ਨ'
ਬਣੀ ਤੂੰ ਟੇਕ ਰਾਹਵਾਂ ਦੀ ਜਾਂ ਥਿੜਕਣ ਚਾਲ ਇਹ ਰਿਸ਼ਤੇ।

✪

## .ਗ਼ਜ਼ਲ

ਮਿੱਠਾ ਜਿਹਾ ਇਕ ਦਰਦ ਹੈ ਤੇ ਜ਼ਿੰਦਗੀ ਦੀ ਰਾਸ ਹੈ।
ਸੱਚੀ ਮੁਹੱਬਤ ਰੱਬ ਦੀ ਇਕ ਬੰਦਗੀ ਵੀ ਖ਼ਾਸ ਹੈ।

ਇਹ ਚੀਜ਼ ਨਹੀਂ ਕੁਝ ਖਾਣ ਦੀ ਨਾ ਮੁੱਲ ਮਿਲਦੀ ਹੱਟ ਤੋਂ,
ਸੀਨੇ 'ਚ ਧੜਕਣ ਵਾਂਗ ਦਾ ਇਹ ਤਾਂ ਦਿਲੀ ਅਹਿਸਾਸ ਹੈ।

ਜੇ ਪ੍ਰੇਮ ਦੀ ਦਿਲ 'ਚੋਂ ਕਰੂੰਬਲ ਫੁੱਟ ਸਕਦੀ ਹੀ ਨਹੀਂ,
ਬੰਜਰ-ਜ਼ਮੀਨ ਮੁਰਦਾ ਦਿਲਾਂ ਤੋਂ ਫੇਰ ਕਾਹਦੀ ਆਸ ਹੈ।

ਮੁਨਕਰ ਖ਼ੁਦਾ ਤੋਂ ਹੋਣ ਵਾਲੇ ਇਹ ਕਿਵੇਂ ਹਨ ਭੁੱਲਦੇ,
ਫੁੱਲਾਂ 'ਚ ਵਸੀ ਮਹਿਕ ਵਾਂਗਰ ਹਰ ਥਾਂ ਉਸਦਾ ਵਾਸ ਹੈ।

ਜੋ ਪਰਬਤਾਂ ਨੂੰ ਚੀਰ ਕੇ ਹਨ ਰੁੱਖ ਨਦੀ ਦਾ ਮੋੜ ਗਏ।
ਮਿਲਿਆ ਉਨ੍ਹਾਂ ਹੀ ਇਸ਼ਕ ਵਿਚ ਤਾਹੀਂ ਤਾਂ ਰੁਤਬਾ ਖਾਸ ਹੈ।

ਕਰਦੀ ਹਵਾ ਜੇ ਮੁਖਬਰੀ ਰੁੱਖ ਮੋੜ ਦੇਂਦੇ ਓਸ ਦਾ,
ਉਸ ਮੀਤ ਨੂੰ ਹੀ ਆਖਦੇ ਜਿਸ ਤੋੜਿਆ ਵਿਸ਼ਵਾਸ ਹੈ।

ਇਹ ਮਾਨ ਤੇ ਸਨਮਾਨ ਤੈਨੂੰ ਹੀ ਮੁਬਾਰਿਕ ਦੋਸਤਾ,
'ਢਾਈ ਕੁ ਅੱਖਰ ਪ੍ਰੇਮ ਦੇ' ਦਰਸ਼ਨ ਦੇ ਪੱਲੇ ਰਾਸ ਹੈ।

✪

## .ਗ਼ਜ਼ਲ

ਖ਼ੁਦ ਸੇਕ ਭਾਵੇਂ ਹਿਜਰ ਦਾ ਜਰਦੇ ਰਹੇ ਸਾਂ ਦੋਸਤਾ।
ਦਮ ਦੋਸਤੀ ਦਾ ਫੇਰ ਵੀ ਭਰਦੇ ਰਹੇ ਸਾਂ ਦੋਸਤਾ।

ਤੇਰੀ ਹਿਫਾਜ਼ਤ ਵਾਸਤੇ ਖ਼ੁਦ ਸਾਂ ਕਿਨਾਰੇ ਬਣ ਗਏ,
ਸਹਿ ਕੇ ਥਪੇੜੇ ਲਹਿਰ ਦੇ ਖਰਦੇ ਰਹੇ ਸਾਂ ਦੋਸਤਾ।

ਮਤ ਮਖ਼ਮਲੀ ਪੈਰਾਂ ਨੂੰ ਕਿਧਰੋਂ ਚੋਭ ਕੰਡਿਆਂ ਦੀ ਮਿਲੇ,
ਫਿਰ ਹੱਥ ਪੈਰਾਂ ਹੇਠ ਵੀ ਧਰਦੇ ਰਹੇ ਸਾਂ ਦੋਸਤਾ।

ਮੁੱਖ ਮੋੜ ਜਾਵੇਂ ਜ਼ਿੰਦਗੀ ਤੋਂ ਤੂੰ ਮਤਾਂ ਦਿਲ ਹਾਰ ਕੇ,
ਬਾਜ਼ੀ ’ਚ ਤਾਹੀਂ ਜ਼ਿੰਦਗੀ ਹਰਦੇ ਰਹੇ ਸਾਂ ਦੋਸਤਾ।

ਚਿਤਵਨ ਪਪੀਹੇ ਵਾਂਗ ਜਦ ਸੀ ਪਿਆਸ ਤੇਰੀ ਬਣ ਗਈ,
ਬਣ ਕੇ ਸਵਾਂਤੀ ਬੂੰਦ ਫਿਰ ਝਰਦੇ ਰਹੇ ਸਾਂ ਦੋਸਤਾ।

ਤੂੰ ਰਹਿ ਸਲਾਮਤ ਹਰ ਜਗ੍ਹਾ ਤੇਰੀ ਬੁਲੰਦੀ ਲੋਚਦੇ,
ਲੈ ਪਿਆਸ ਤੇਰੇ ਮਿਲਣ ਦੀ ਮਰਦੇ ਰਹੇ ਸਾਂ ਦੋਸਤਾ।

‘ਦਰਸ਼ਨ’ ਮੁਹੱਬਤ ਨੂੰ ਜਦੋਂ ਬਦਨਾਮ ਕਰਕੇ ਧਰ ਗਿਓਂ,
ਫਿਰ ਘਾਟ ਦੇ ਨਾਂ ਹੀ ਕਿਤੇ ਘਰ ਦੇ ਰਹੇ ਸਾਂ ਦੋਸਤਾ।

## ਗ਼ਜ਼ਲ

ਦਿਲ ਦਾ ਇਕ ਤਾਰਾ।
ਸੁਣ ਓ ਦਿਲਦਾਰਾ।

ਅੱਖ ਟੂਣੇਹਾਰੀ,
ਕੀ ਕਰ ਗਈ ਕਾਰਾ।

ਜੋ ਨਜ਼ਰਾਂ ਢੂੰਡੇ,
ਕਦ ਜੀਣ ਦੁਬਾਰਾ।

ਖ਼ਾਬਾਂ ਦਾ ਕਾਤਿਲ,
ਬਸ ਲਾ ਗਿਆ ਲਾਰਾ।

ਇਕ ਰਾਤ ਹਨੇਰੀ,
ਗਰਦਿਸ਼ ਵਿਚ ਤਾਰਾ।

ਉਸ ਜੀਵਨ ਦੇ ਸਿਰ,
ਕਿਉਂ ਧਰਿਆ ਆਰਾ।

ਝਾਂਜਰ ਥਾਂ ਬੇੜੀ,
ਜੱਗ ਹੱਸਣ ਹਾਰਾ।

ਕਿਸ ਥਾਂ 'ਤੇ ਰੀਝਾਂ,
ਹੁਣ ਕਰਨ ਉਤਾਰਾ।

ਤੂੰ ਦੇਖ ਝਨਾਵਾ,
ਕੀ ਕੀਤੈ ਕਾਰਾ।

ਮਨ ਮੀਤ ਵਿਛੋੜੇ
ਬਣ ਕੇ ਹਤਿਆਰਾ।

ਲੱਪ ਕਿਰਨਾਂ ਦੇ ਦੇ,
'ਦਰਸ਼ਨ' ਗ਼ਮਖਾਰਾ।

✪

## ਗ਼ਜ਼ਲ

ਜਦ ਵੀ ਮੁਹੱਬਤ ਵਿਚ ਕਿਤੇ ਬੇਜ਼ਾਰ ਹੋਈ ਜ਼ਿੰਦਗੀ।
ਫਿਰ ਦਿਲ ਦੇ ਹੱਥੋਂ ਜਾਪਦੀ ਲਾਚਾਰ ਹੋਈ ਜ਼ਿੰਦਗੀ।

ਕਰਕੇ ਨਿਕੰਮਾ ਧਰ ਗਈ ਦੀਵਾਨਗੀ ਜੋ ਇਸ਼ਕ ਦੀ,
ਪੈਰਾਂ 'ਚ ਬੰਨ੍ਹ ਕੇ ਘੁੰਗਰੂ ਨਾਚਾਰ ਹੋਈ ਜ਼ਿੰਦਗੀ।

ਠੋਕਰ 'ਤੇ ਰੱਖੇ ਹਰ ਘੜੀ ਸੰਸਾਰ ਦੀ ਹਰ ਰੀਤ ਨੂੰ,
ਜਦ ਇਸ਼ਕ ਦਾ ਸੈਲਾਬ ਬਣ ਸਾਕਾਰ ਹੋਈ ਜ਼ਿੰਦਗੀ।

ਸੀਨੇ 'ਚ ਆ ਕੇ ਪੁੜ ਗਈ ਜਦ ਯਾਦ ਉਸ ਮਹਿਬੂਬ ਦੀ।
ਫਿਰ ਤੱਪਦੇ ਥਲ ਨਾਲ ਵੀ ਦੋ-ਚਾਰ ਹੋਈ ਜ਼ਿੰਦਗੀ।

ਇਕ ਤਾਂਘ ਸੀ ਜਦ ਮਿਲਣ ਦੀ ਤੂਫ਼ਾਨ ਛੁਟੇਰਾ ਜਾਣਿਆ।
ਕੱਚੇ ਜਿਹਾਂ ਤੋਂ ਫੇਰ ਕਿਉਂ ਨਾ ਤਾਰ ਹੋਈ ਜ਼ਿੰਦਗੀ।

ਪੱਤਝੜ ਭਲੇ ਹੀ ਕਹਿਰ ਅਪਣਾ ਗੁਲਸ਼ਨਾਂ ਤੇ ਢਾਹ ਗਈ,
ਫੁੱਟ ਕੇ ਕਰੂੰਬਲ ਫੇਰ ਤੋਂ ਸਾਕਾਰ ਹੋਈ ਜ਼ਿੰਦਗੀ।

ਚੰਚਲ ਨਦੀ ਦੇ ਵੇਗ 'ਦਰਸ਼ਨ' ਰੋਕਿਆਂ ਕਦ ਰੁਕੇ,
ਜਦ ਸਾਗਰਾਂ ਵਿਚ ਰਲਣ ਦਾ ਇਕਰਾਰ ਹੋਈ ਜ਼ਿੰਦਗੀ।

## ਗ਼ਜ਼ਲ

ਮੁਸ਼ਕਿਲ ਬੜਾ ਹੈ ਮਾਨਣਾ ਸੂਲੀ ’ਤੇ ਟੰਗੀ ਰਾਤ ਨੂੰ।
ਫਿਰ ਵੀ ਉਮੀਦਾਂ ਦੇ ਸ਼ਗੂਫੇ ਖਿੜਣਗੇ ਪਰਭਾਤ ਨੂੰ।

ਮਾਰੂਥਲਾਂ ਦੀ ਹੋਂਦ ਦਾ ਵਿਸਥਾਰ ਹੁੰਦਾ ਜਾ ਰਿਹੈ,
ਚੇਤਾ ਜਦੋਂ ਇਸ ਧਰਤ ਦਾ ਹੈ ਭੁੱਲ ਗਿਆ ਬਰਸਾਤ ਨੂੰ।

ਕੌਡਾਂ ’ਚ ਵਿਕਦੀ ਜਾ ਰਹੀ ਜਦ ਰਾਸ ਤੇਰੇ ਇਸ਼ਕ ਦੀ,
ਕਿਉਂ ਫੇਰ ਵੀ ਤੂੰ ਭਾਲਦੈਂ ਹਰ ਬਾਤ ’ਚੋਂ ਜਜ਼ਬਾਤ ਨੂੰ।

ਚੁਕਣਗੇ ਹੱਥਾਂ ਵਿਚ ਕਦੇ ਫਿਰ ਕੰਡਿਆਂ ’ਤੇ ਵੀ ਧਰਨਗੇ,
ਸੰਸਾਰ ਦੀ ਇਸ ਰੀਤ ਦਾ ਸੀ ਕਦ ਪਤਾ ਨਵਜਾਤ ਨੂੰ।

ਮਹਿੰਦੀ ਚੁਰਾ ਕੇ ਲੈ ਗਏ ਲਾੜੇ ਨਸੀਬਾਂ ਦੇ ਜਦੋਂ,
‘ਜੀ ਆਇਆਂ’ ਫਿਰ ਕੌਣ ਕਹੇ ਦਰ ’ਤੇ ਖੜ੍ਹੀ ਬਾਰਾਤ ਨੂੰ।

ਗੁੱਡੀ ਕਦੇ ਸਨ ਫੂਕਦੇ ਹੁਣ ਫੂਕਦੇ ਨੇ ਦੁਲਹਣਾਂ,
ਕਾਤਲ ਬਣੇ ਹਰ ਰੀਝ ਦੇ ਝਾਕਣ ਪਰਾਈ ਦਾਤ ਨੂੰ।

ਮਜਬੂਰ ਨਾਰੀ ਵਿਕ ਸਕੇ ਲੇਕਿਨ ਮੁਹੱਬਤ ਨਾ ਵਿਕੇ,
ਠੋਕਰ ’ਤੇ ਰੱਖੇ ਤਾਜ ‘ਦਰਸ਼ਨ’ ਤਾਜ ਦੀ ਸੌਗਾਤ ਨੂੰ।

✪

## ਗ਼ਜ਼ਲ

ਰਸਤੇ ਕਿਤੇ ਤੂਫ਼ਾਨ ਰੋਕਣ ਜਾਂ ਗ਼ਮਾਂ ਦੇ ਜਲਜ਼ਲੇ।
ਫਿਰ ਪਰਖ ਹੁੰਦੇ ਉਸ ਘੜੀ ਵਿਚ ਦੋਸਤੀ ਦੇ ਸਿਲਸਿਲੇ।

ਗ਼ੈਰਤ ਮਿਟਾ ਕੇ ਜੀਣ ਨਾਲੋਂ ਜ਼ਿੰਦਗੀ ਛੋਟੀ ਭਲੀ,
ਜੋ ਸਿਰ ਉਠਾ ਕੇ ਜੀਅ ਲਈ ਪਾਣੀ 'ਤੇ ਜੀਕਣ ਬੁਲਬੁਲੇ।

ਸੂਰਤ ਸੁਨੱਖੀ ਬਣ ਗਈ ਵਸਤੂ ਜਦੋਂ ਬਾਜ਼ਾਰ ਦੀ,
ਜ਼ਖ਼ਮੀ ਕਿਵੇਂ ਨਾ ਹੋਣ ਫਿਰ ਤਾਂ ਸੀਰਤਾਂ ਦੇ ਵਲਵਲੇ।

ਤੁਰਦੀ ਬਣੀ ਇਸ ਜ਼ਿੰਦਗੀ 'ਚੋਂ ਹਰ ਖ਼ੁਸ਼ੀ ਕੁਝ ਇਸ ਤਰ੍ਹਾਂ,
ਲੁੱਟਿਆ ਮੁਸਾਫ਼ਿਰ ਛੱਡ ਕੇ ਜਿਉਂ ਖਿਸਕ ਜਾਵਣ ਕਾਫ਼ਿਲੇ।

ਇਕ ਦੂਸਰੇ ਤੋਂ ਦੂਰ ਹੋ ਕੇ ਸਾਂ ਖੜ੍ਹੇ ਕੁਝ ਇਸ ਤਰ੍ਹਾਂ,
ਦੋਨੋਂ ਕਿਨਾਰੇ ਵਹਿਣ ਦੇ ਜਿਉਂ ਰੱਖਦੇ ਨੇ ਫਾਸਲੇ।

ਕੁਚਲੀ ਗਈ ਹਰ ਰੀਝ ਦਿਲ ਦੀ ਬਸ ਬਗ਼ਾਵਤ ਆਖ ਕੇ,
ਆਹਤ ਕਿਵੇਂ ਨਾ ਫੇਰ ਹੁੰਦੇ ਜ਼ਿੰਦਗੀ ਦੇ ਹੌਂਸਲੇ।

ਜੋ ਨੇਰ੍ਹਿਆਂ ਸੰਗ ਜੂਝਦਾ ਹੀ ਤੁਰ ਗਿਆ ਸੰਸਾਰ ਤੋਂ,
ਕਿਸ ਅਰਥ ਦੀਵੇ ਉਸ ਲਈ ਜੋ ਕਬਰ ਉਸਦੀ 'ਤੇ ਬਲੇ।

ਬਸ ਰੁੱਖ ਉੱਚਾ ਜਾਣ ਕੇ ਪੰਛੀ ਬਣਾਉਂਦੈ ਆਲ੍ਹਣਾ,
ਕਦ ਜਾਣਦੈ ਨਜ਼ਦੀਕ ਰਹਿਣੇ ਬਿਜਲੀਆਂ ਦੇ ਕਾਫ਼ਿਲੇ।

ਇਕ ਪਲ ਖ਼ੁਸ਼ੀ ਦੇ ਜੇ ਉਧਾਰਾ ਮਿਲ ਗਿਆ ਹੁੰਦਾ ਕਿਤੇ,
ਉਸ ਪਲ ਤੋਂ 'ਦਰਸ਼ਨ' ਵਾਰ ਦੇਂਦੀ ਜ਼ਿੰਦਗੀ, ਸ਼ਿਕਵੇ ਗਿਲੇ।

✪

## ਗ਼ਜ਼ਲ

ਹਰ ਜ਼ਹਿਰ ਗ਼ਮ ਦਾ ਪੀ ਲਿਆ ਹਰ ਜ਼ਖ਼ਮ ਦਿਲ 'ਤੇ ਜਰ ਲਿਆ।
ਖ਼ੁਦ ਹਸਰਤਾਂ ਦੀ ਕਬਰ ਤੇ ਦੀਵਾ ਜਗਾ ਕੇ ਧਰ ਲਿਆ।

ਹਰ ਪਲ ਖ਼ੁਸ਼ੀ ਦਾ ਕਿਰ ਗਿਆ ਹੱਥਾਂ 'ਚੋਂ ਰੇਤਾ ਵਾਗਰਾਂ,
ਸ਼ਿਕਵਾ ਮੁਹੱਬਤ ਦਾ ਜਦੋਂ ਸੀ ਬੇਖ਼ੁਦੀ ਵਿਚ ਕਰ ਲਿਆ।

ਤੈਥੋਂ ਨਿਭਾਈ ਨਾ ਗਈ ਉਹ ਪ੍ਰੀਤ ਉੱਚੇ ਗਗਨ ਦੀ,
ਤੇਰੇ ਲਈ ਜਿਸ, ਧਰਤ ਨੂੰ ਝੁਕ ਕੇ ਕਲਾਵੇ ਭਰ ਲਿਆ।

ਖ਼ਾਰੇ ਸਮੁੰਦਰ ਰਾਸ ਆਏ ਕਦ ਕਿਸੇ ਨੂੰ, ਪੀਤਿਆਂ,
ਫਿਰ ਖਾਰ ਦਾ ਜਜ਼ਬਾ ਕਿਵੇਂ ਇਸ ਨੇ ਹਵਾ ਵਿਚ ਹਰ ਲਿਆ।

ਇਸ ਸ਼ਿਕਰਿਆਂ ਦੇ ਸ਼ਹਿਰ ਵਿਚ ਮਨ ਦਾ ਪਰਿੰਦਾ ਸੋਚਦੈ,
ਕਦ ਤੱਕ ਮਨਾਵਾਂ ਖ਼ੈਰ ਆਪਣੀ ਇਸ ਜਗ੍ਹਾ ਜੋ ਘਰ ਲਿਆ।

ਸੂਰਜ ਦੀ ਕੋਸੀ ਧੁੱਪ 'ਚੋਂ ਜਦ ਹੱਕ ਮੰਗੇ ਆਪਣੇ,
ਕਿਉਂ ਫਿਰ ਅਸਾਂ 'ਤੇ ਰੋਹ ਦਾ ਨਜਲਾ ਵਾਂਗ ਝਰਨੇ ਝਰ ਲਿਆ।

ਸੀਨੇ 'ਚ ਉਕਰੀ ਦਾਸਤਾਂ 'ਦਰਸ਼ਨ' ਭੁਲਾਵੋ ਗੇ ਕਿਵੇਂ,
ਜਿਸ ਨੇ ਸਮੁੰਦਰ ਪ੍ਰੇਮ ਦਾ ਖ਼ੁਦ ਨੂੰ ਮਿਟਾ ਕੇ ਤਰ ਲਿਆ।

✪

## ਗ਼ਜ਼ਲ

ਪਾਰੇ ਤਰ੍ਹਾਂ ਕਦ ਡੋਲ ਜਾਵੇ ਸੋਚ ਤੇਰੀ ਕਿਸ ਘੜੀ।
ਕਿਸਨੂੰ ਪਤਾ ਕਦ ਤੋੜ ਦੇਵੇਂ ਦੋਸਤੀ ਦੀ ਹਰ ਕੜੀ।

ਕਿਉਂ ਫੇਰ ਪੂਰਾ ਤੋਲਦੀ ਫ਼ਿਤਰਤ ’ਚ ਜਦ ਸੀ ਪਾਸਕੂ,
ਦੇਖੇ ਬਰਾਬਰ ਨਜ਼ਰ ਤੇਰੀ ਹਰ ਛਟਾਂਕੀ ਤੇ ਧੜੀ।

ਤੇਰੇ ਤਕੱਬਰ ਦੇ ਖਿਲੌਣੇ ਖ਼ੂਬ ਦਿਲ ਪਰਚਾਉਣਗੇ,
ਸਾਏ ਤਰ੍ਹਾਂ ਛੱਡ ਜਾਣਗੇ ਜਦ ਪੈ ਗਈ ਕੋਈ ਪੜੀ।

ਇਹ ਡੋਰ ਆਸਾਂ ਦੀ ਜਦੋਂ ਤੂੰ ਤੁਣਕਿਆਂ ਵਿਚ ਤੋੜਦੈਂ,
ਕਿਉਂ ਫੇਰ ਗੁੱਡੀ ਰੀਝ ਦੀ ਦਿੱਸੇ ਭਲਾ ਅੰਬਰ ਚੜ੍ਹੀ।

ਧੜਿਆਂ ’ਚ ਵੰਡੇ ਜਾਪਦੇ ਪੰਚਾਂ ਦੇ ਅੱਜਕੱਲ੍ਹ ਫ਼ੈਸਲੇ।
ਇਨਸਾਫ਼ ਦੀ ਦੇਵੀ ਚੁਰਾ ਕੇ ਕਿਸ ਭਲਾ ਏਥੋਂ ਖੜੀ।

ਭਾਦੋਂ ਦੀ ਬਾਰਿਸ਼ ’ਤੇ ਭਰੋਸਾ ਕਿਸ ਤਰ੍ਹਾਂ ਕੋਈ ਕਰੇ,
ਦਿਲ ਦਾ ਬਨੇਰਾ ਛੋੜ ਸੁੱਕਾ ਲਾ ਲਵੇ ਕਿਸ ਥਾਂ ਝੜੀ।

ਸ਼ਿੱਦਤ ਜਿਹੀ ਸੀ ਪ੍ਰੇਮ ਦੀ ਜਾਂ ਜ਼ੋਰ ਚਾਵਾਂ ਦਾ ਕਿਤੇ,
‘ਦਰਸ਼ਨ’ ਮੁਹੱਬਤ ਦਾ ਨਗੀਨਾ ਦਿਲ ’ਚ ਬੈਠੀ ਹੈ ਜੜੀ।

✪

## ਗ਼ਜ਼ਲ

ਰਸਤਾ ਮੁਹੱਬਤ ਦੀ ਗਲੀ ਦਾ ਜਿਸ ਕਿਸੇ ਵੀ ਚੁਣ ਲਿਆ।
ਫਿਰ ਜਾਲ ਉਸਨੇ ਹਉਕਿਆਂ ਦਾ ਖ਼ੁਦ ਦੁਆਲੇ ਬੁਣ ਲਿਆ।

ਠਹਿਰੇ ਰਹੇ ਸਨ ਬੋਲ ਭਾਵੇਂ ਚੁੱਪ ਦੀ ਦਹਿਲੀਜ਼ ’ਤੇ,
ਗੂੰਗੇ ਦਿਲਾਂ ਦੀ ਦਾਸਤਾਂ ਨੂੰ ਪਰ ਸਮੇਂ ਨੇ ਸੁਣ ਲਿਆ।

ਲਿਖ ਕੇ ਤਲੀ ’ਤੇ ਨਾਮ ਤੇਰਾ ਫਿਰ ਮਿਟਾਇਆ ਨਾ ਗਿਆ,
ਕੀਕਣ ਮਿਟਾਵਾਂ ਮੈਂ ਭਲਾ ਜਦ ਆਪ ਦਿਲ ’ਤੇ ਖੁਣ ਲਿਆ।

ਸਿਜਦਾ ਵਿਛੋੜੇ ਨੂੰ ਕਰਾਂ ਜਾਂ ਏਸ ਨੂੰ ਵੈਰੀ ਕਹਾਂ,
ਧੁਨਖੀ ਚੜ੍ਹਾ ਕੇ ਜਿੰਦ ਨੂੰ ਜਿਸ ਵਾਂਗ ਰੂੰ ਦੇ ਧੁਣ ਲਿਆ।

ਦੁਸ਼ਮਣ ਬਣੀ ਤਕਦੀਰ ਦੀ ਕਿਉਂ ਬੇਰੁਖ਼ੀ ਫਿਰ ਆਣ ਕੇ,
ਲਾਵੀ ਤੇ ਆਏ ਖੇਤ ਨੂੰ ਜਿਸ ਦੇ ਗ਼ਮਾਂ ਨੇ ਲੁਣ ਲਿਆ

ਥਿਰਕੇਂਗਾ ਪੈਰਾਂ ਵਿਚ ਸਦਾ ਬਣ ਘੁੰਗਰੂ ਤੂੰ ਹਰ ਘੜੀ,
ਆਜ਼ਾਦ ਆਪਣੀ ਹੋਂਦ ਦਾ ਜੇ ਫ਼ੈਸਲਾ ਨਾ ਹੁਣ ਲਿਆ।

ਮੁੱਠੀ ’ਚ ਅੰਬਰ ਜਾਪਦੈ ਮੰਜ਼ਿਲ ਦਿਲਾਂ ਦੇ ਕੋਲ ਵੀ,
ਕੰਡਿਆਂ ਭਰੀ ਇਸ ਡਗਰ ਨੂੰ ‘ਦਰਸ਼ਨ’ ਜਦੋਂ ਦਾ ਚੁਣ ਲਿਆ।

✪

## ਗ਼ਜ਼ਲ

ਸੂਰਜ ਨਿਗਲ ਲਿਆ ਤਿਰਕਾਲਾਂ ਤਾਰਾ-ਤਾਰਾ ਰਾਤ ਢਲੀ।
ਤੇਲ ਬਿਨਾਂ ਪਰ ਜੀਵਨ-ਬੱਤੀ ਚੁੱਪ-ਚੁਪੀਤੇ ਆਪ ਜਲੀ।

ਘੁਣ ਦੇ ਵਾਗੂੰ ਗ਼ਮ ਸੱਜਣ ਦਾ ਅੰਦਰੋਂ ਅੰਦਰ ਖਾ ਜਾਵੇ,
ਬਸ ਇਕ ਬੁੱਲਾ ਤਲਖ ਹਵਾ ਦਾ ਕੇਰ ਗਿਆਂ ਹੈ ਹੋਂਦ ਭਲੀ।

ਖੇਲਾਂ ਵਿਚ ਅਣਮੋਲ ਗਵਾਇਆ ਬਚਪਨ ਕਿਹੜੀ ਥਾਂ ਤੇ ਸੀ,
ਕਿਸ ਨੂੰ ਆਖਾਂ ਭਾਲਣ ਜਾਵੇ ਕੀਕਣ ਜਾਵਾਂ ਓਸ ਗਲੀ।

ਤੋੜ ਕਿਨਾਰੇ ਰੋੜ੍ਹ ਲਿਜਾਵੇ ਰਾਹ ਵਿਚ ਆਈ ਹਰ ਵਸਤੂ,
ਲੇਕਿਨ ਨਾਮ ਰਿਹਾ ਨਾ ਬਾਕੀ ਜਦ ਸਾਗਰ ਵਿਚ ਆਣ ਰਲੀ।

ਸ਼ੀਸ਼ੇ ਦੇ ਹਰ ਟੋਟੇ ਵਿੱਚੋਂ ਦਿੱਸਦੈ ਆਪਣਾ ਅਕਸ ਜਿਹਾ,
ਚੁਗਦੇ-ਚੁਗਦੇ ਉਸਦੀਆਂ ਕਿਰਚਾਂ ਜ਼ਖ਼ਮੀ ਕਰ ਲਈ ਆਪ ਤਲੀ।

ਪੱਤੀ-ਪੱਤੀ ਹੋ ਕੇ ਬਿਖਰੀ ਡਾਲੀ ਨਾਲੋਂ ਟੁੱਟੀ ਜੋ,
ਕਿਹੜਾ ਪੂਜਾ ਹੇਤ ਸਜਾਵੇ ਮਸਲੀ ਪੈਰਾਂ ਹੇਠ ਕਲੀ।

ਜੜ੍ਹ ਸੁੱਕੇ ਤਾਂ ਫਲ ਫੁੱਲ ਝੜਦੇ ਪੱਤੇ ਸਾਥ ਨਿਭਾਉਂਦੇ ਨਾ,
ਪਰ ਪੀਲਕ ਨੂੰ ਕਾਹਦਾ ਝੋਰਾ ਜੋ ਜੜ੍ਹ ਬਾਝੋਂ ਖ਼ੂਬ ਪਲੀ।

ਕਾਲੀ ਰਾਤ 'ਚ ਵਿਛੜਣ ਸਾਏ ਹੋਰਾਂ ਤੇ ਫਿਰ ਕੀ ਸ਼ਿਕਵਾ,
ਆਣ ਬਰੂੰਹਾਂ ਮੱਲਣ ਖ਼ੁਸ਼ੀਆਂ ਜਦ ਦੁੱਖਾਂ ਦੀ ਰੈਣ ਢਲੀ।

ਲੱਖ ਉਚਾਈਆਂ ਛੂਹ ਲੈ ਤੂੰ ਪਰ ਪਿਆਸਾ ਪਰਤੇਂਗਾ,
ਅੰਬਰ 'ਤੇ ਜੋ ਪਿਆਸ ਬੁਝਾਵੇ ਨਾ ਦਰਿਆ ਨਾ ਨਹਿਰ ਚਲੀ।

ਠੰਢੀ 'ਵਾ ਦੇ ਬੁੱਲੇ ਖ਼ਾਤਰ ਰੱਖੀ ਦਿਲ ਦੇ ਦਰ ਖੁੱਲ੍ਹੇ,
ਰੱਬ ਕਰੇ ਲੰਘ ਆਵੇ 'ਦਰਸ਼ਨ' ਚੁੱਪ ਚੁਪੀਤੇ ਏਸ ਗਲੀ।

✪

## ਗ਼ਜ਼ਲ

ਹੁਣ ਲਾਖ ਦੇ ਜੰਗਲ ਜਿਹਾ ਸੰਸਾਰ ਨਜ਼ਰੀਂ ਆ ਰਿਹੈ।
ਕਦ ਚਿਣਗ ਕੋਈ ਫੂਕ ਦੇਵੇ ਡਰ ਸਤਾਈ ਜਾ ਰਿਹੈ।

ਕਦ ਬਿਸਮ ਜਾਵੇ ਹੋਂਦ ਉਸਦੀ ਇਕ ਖਿਲੌਣੇ ਵਾਂਗਰਾਂ,
ਬਾਰੂਦ ਦੇ ਉਸ ਢੇਰ ’ਤੇ ਚੜ੍ਹਕੇ ਜੋ ਲੁੱਡੀ ਪਾ ਰਿਹੈ।

ਤਾਜ਼ੀ ਹਵਾ ਦੇ ਝੋਂਕਿਆਂ ਵਿਚ ਮੱਚ ਉੱਠੀ ਉਸ ਚਿਣਗ ਨੂੰ,
ਕੱਖਾਂ ਭਰੀ ਬੁੱਕਲ ’ਚ ਬੰਦਾ ਖ਼ੁਦ ਲੁਕਾਈ ਜਾ ਰਿਹੈ।

ਗੁੱਝੇ ਖ਼ਜ਼ਾਨੇ ਬਹੁਤ ਨੇ ਧਰਤੀ ’ਤੇ ਖ਼ਲਕਤ ਵਾਸਤੇ,
ਬੇਸਬਰ ਹੋ ਕੇ ਫੇਰ ਬੰਦਾ ਬੰਦਿਆਂ ਨੂੰ ਖਾ ਰਿਹੈ।

ਜੋ ਕੱਲ੍ਹ, ਤੀਕਰ ਸੱਚ ਸੀ ਅੱਜ ਝੂਠ ਸਾਬਿਤ ਕਰ ਰਿਹੈ,
ਸ਼ੰਕੇ ਸ਼ਿਕਾਇਤਾਂ ਬੇਰੁਖ਼ੀ ਦਾ ਢੰਗ ਜੋ ਅਪਣਾ ਰਿਹੈ।

ਲਿਖ ਕੇ ਇਬਾਰਤ ਜੰਗ ਦੀ ਫਿਰ ਬਾਤ ਪਾਉਂਦੈ ਅਮਨ ਦੀ,
ਦੂਹਰੇ ਜਿਹੇ ਕਿਰਦਾਰ ਤੋਂ ਜੀਅ ਆਪਣਾ ਪਰਚਾਅ ਰਿਹੈ।

ਸੰਵੇਦਨਾ ਦੇ ਬੀਜ ਉੱਗਣ ਰੱਬ ਦੀ ਰਹਿਮਤ ਰਹੇ,
‘ਦਰਸ਼ਨ’ ਝੁਰੇ ਕਿਉਂ ਫੇਰ ਵੀ ਜਦ ਮੀਤ ਉਹ ਸਭ ਦਾ ਰਿਹੈ।

## .ਗ਼ਜ਼ਲ

ਤੁਲਹਾ ਕਿਤੇ ਬੇੜੀ ਬਣੇਂ ਪਤਵਾਰ ਵੀ ਹੈਂ ਜ਼ਿੰਦਗੀ।
ਤੂੰ ਹੀ ਕਿਨਾਰਾ ਵਹਿਣ ਦਾ ਜਲਧਾਰ ਵੀ ਹੈਂ ਜ਼ਿੰਦਗੀ।

ਖ਼ੁਦ ਤੂੰ ਸਮੁੰਦਰ ਖੌਲਦਾ ਤੇ ਲਹਿਰ ਤਿੱਖੇ ਵੇਗ ਦੀ,
ਦਰਿਆ 'ਚ ਘੁੰਮਣ ਘੇਰ ਤੂੰ ਮੰਝਧਾਰ ਵੀ ਹੈਂ ਜ਼ਿੰਦਗੀ।

ਬਣ ਲਹਿਰ ਕਿਧਰੇ ਮੇਲ੍ਹਦੀ ਬਣ ਘੁੰਗਰੂ ਵੀ ਨੱਚਦੀ,
ਜਾਪੇ ਜਿਵੇਂ ਤੂੰ ਉਸ ਘੜੀ ਨਾਚਾਰ ਵੀ ਹੈਂ ਜ਼ਿੰਦਗੀ।

ਮੌਸਮ ਬਹਾਰਾਂ ਆਪ ਤੂੰ ਮੇਘਾਂ 'ਚ ਬਿਜਲੀ ਤੂੰ ਬਣੇ,
ਤੂੰ ਹੁਸਨ ਰਿਮਝਿਮ ਦਾ ਕਿਤੇ ਤੂੰ ਫ਼ੁਹਾਰ ਵੀ ਹੈਂ ਜ਼ਿੰਦਗੀ।

ਕੋਈ ਮਜਾਜਣ ਆਖਦੈ ਨਖ਼ਰੇ ਦਿਖਾਵੇਂ ਜਦ ਕਿਤੇ,
ਦਿਲ ਦੇ ਕਰੀਬੀ ਵਾਸਤੇ ਦਿਲਦਾਰ ਵੀ ਹੈਂ ਜ਼ਿੰਦਗੀ।

ਦੁਸ਼ਮਣ ਦਿਖਾਏ ਦੋਸਤੀ ਜਦ ਵਾਰ ਪਿੱਠ 'ਤੇ ਕਰਨ ਨੂੰ,
ਫਿਰ ਚੰਡਿਕਾ ਤੂੰ ਆਪ ਹੈਂ ਤਲਵਾਰ ਵੀ ਹੈਂ ਜ਼ਿੰਦਗੀ।

ਤੂੰ ਰੁਮਕਦੀ ਉਸ ਪੌਣ ਵਿਚ ਠੰਢਕ ਜਿਹਾ ਅਹਿਸਾਸ ਵੀ,
ਹਰ ਕਿਰਨ ਦਾ ਇਸ ਜੱਗ 'ਤੇ ਪਾਸਾਰ ਵੀ ਹੈਂ ਜ਼ਿੰਦਗੀ।

ਸਿਰਮੋਰ ਤੂੰ ਹਰ ਜੂਨ ਤੋਂ ਤੇ ਉਤਮਤਾ ਦੀ ਜਾਤ ਵੀ,
ਜੰਨਤ ਦਾ 'ਦਰਸ਼ਨ' ਰੂਪ ਤੂੰ ਸ਼ਿੰਗਾਰ ਵੀ ਹੈਂ ਜ਼ਿੰਦਗੀ।

✪

## .ਗ਼ਜ਼ਲ

ਜਦ ਆਸ ਦਿਲ ਦੇ ਸਾਗਰਾਂ ਵਿਚ ਨਹੀਂ ਹਿਲੋਰੇ ਮਾਰਦੀ।
ਫਿਰ ਰੇਤਲੇ ਸਾਹਿਲ 'ਤੇ ਕੀਕਣ ਜਿੰਦ ਬੇੜੀ ਤਾਰਦੀ।

ਹਾਲਾਤ ਦੇ ਹਰ ਥਾਂ ਥਪੇੜੇ ਸਹਿ ਲਏ ਨੇ ਹੱਸ ਕੇ,
ਸੋਝੀ ਯਤੀਮਾਂ ਨੂੰ ਕਦੋਂ ਸੀ ਦੁੱਖ ਦੇ ਇਜ਼ਹਾਰ ਦੀ।

ਪਸਰੇ ਹਨੇਰੇ ਦੇਖ ਕੇ ਸਾਏ ਜਾਂ ਰੱਖਣ ਫ਼ਾਸਲੇ,
ਫਿਰ ਦੀਵਿਆਂ ਦੀ ਲੋਚ ਅੱਗੇ ਜਿੰਦ ਕਿਉਂ ਨਾ ਹਾਰਦੀ।

ਜਜ਼ਬਾ ਮੁਹੱਬਤ ਦਾ ਜਦੋਂ ਬਣਦੈ ਸਮੇਂ ਦੇ ਹਾਣ ਦਾ,
ਪ੍ਰਵਾਹ ਕਦੋਂ ਕਰਦੈ ਭਲਾ ਫਿਰ ਤਖ਼ਤ ਦੀ ਜਾਂ ਦਾਰ ਦੀ।

ਬਸ ਦਰਦ ਬਿਰਹੋਂ ਦਾ ਮਿਲੇ ਜਾਂ ਮੌਤ ਮਿਲਦੀ ਇਸ਼ਕ ਨੂੰ,
ਹਰ ਦਾਸਤਾਂ ਰਹੀ ਡੱਸਦੀ ਬਸ ਧੜਕਣਾਂ ਨੂੰ ਪਿਆਰ ਦੀ।

ਤੇਰੇ ਵਿਚਾਰਾਂ ਦੇ ਸ਼ਗੂਫ਼ੇ ਭੁੱਲ ਗਏ ਜਦ ਟਹਿਕਣਾ,
ਫਿਰ ਚੋਭ ਜਰਦੇ ਕਿਉਂ ਭਲਾ ਡਾਲੀ 'ਤੇ ਲੱਗੇ ਖ਼ਾਰ ਦੀ,

ਤਪਦੀ ਹੈ ਧਰਤੀ ਰੀਝ ਦੀ ਮਾਰੂਥਲਾਂ ਦੇ ਵਾਂਗਰਾਂ,
ਇਸਨੂੰ ਮੁਹੱਬਤ ਦੀ ਕਣੀ ਕਦ ਆਣ 'ਦਰਸ਼ਨ' ਠਾਰਦੀ।

✪

## ਗ਼ਜ਼ਲ

ਅਣਸੁਣੀ ਫਰਿਆਦ ਹਾਂ ਪਾਣੀ 'ਤੇ ਖਿੱਚੀ ਲੀਕ ਹਾਂ।
ਮੈਂ ਸਮੇਂ ਦੇ ਹਲਕ ਵਿਚ ਅਟਕੀ ਹੋਈ ਇਕ ਚੀਕ ਹਾਂ।

ਛੋਹ ਲਈ ਇਕ ਵਾਰ ਜੋ ਨਾ ਖ਼ਤਮ ਹੋਈ ਫਿਰ ਕਦੇ,
ਹਿਜਰ ਦੀ ਪੂਣੀ ਤਰ੍ਹਾਂ ਮੈਂ ਅੰਤਹੀਨ ਉਡੀਕ ਹਾਂ।

ਬਾਝ ਹੁੰਗਾਰੇ ਜੋ ਚੱਲੀ ਹਾਂ ਕਹਾਣੀ ਦਰਦ ਦੀ,
ਕਤਲ ਹੁੰਦੇ ਜਜ਼ਬਿਆਂ ਦੀ ਚੀਕ ਤੇਰੇ ਤੀਕ ਹਾਂ।

ਬਲ ਰਹੀ ਹਾਂ ਲਾਟ ਵਾਂਗੂੰ ਹਰ ਹਨੇਰੇ ਰਾਹ 'ਤੇ,
ਫੇਰ ਵੀ ਤੂੰ ਆਖਦੈਂ ਮੈਂ 'ਨ੍ਹੇਰ ਦੀ ਪ੍ਰਤੀਕ ਹਾਂ।

ਜਿਸਮ ਵਿਚ ਜਦ ਤੀਕ ਮੇਰੇ ਹੈ ਹਰਾਰਤ ਖ਼ੂਨ ਦੀ,
ਮਲ੍ਹਮ ਹਾਂ ਸਭ ਦੇ ਦਿਲਾਂ ਦਾ ਸਾਹਾਂ ਦੇ ਨਜ਼ਦੀਕ ਹਾਂ।

ਰੂਪ ਜਦ ਇਹ ਰਾਂਗਲੇ ਵਸਤੂ ਬਣੇ ਬਾਜ਼ਾਰ ਦੀ,
ਸਾਂਵਲੀ ਲੈਲਾ ਤਰ੍ਹਾਂ ਹਰ ਰੰਗ ਦੇ ਵਿਚ ਠੀਕ ਹਾਂ।

ਸਾਗਰਾਂ ਦੇ ਕੋਲ ਰਹਿ ਕੇ ਬਣ ਗਈ ਸਾਹਿਲ ਭਲੇ,
ਰੇਤਲਾ ਹਾਂ ਤੱਟ ਭਾਵੇਂ ਫਿਰ ਵੀ ਰਮਨੀਕ ਹਾਂ।

ਗਿਰ ਗਈ ਹਾਂ ਪਲਕ 'ਚੋਂ ਜੇ ਹੰਝ ਖਾਰੇ ਵਾਂਗਰਾਂ,
ਲੱਖ ਕਾਫ਼ਿਰ ਕਹਿ ਲਵੀਂ 'ਦਰਸ਼ਨ' ਤੇਰੀ ਭਜਨੀਕ ਹਾਂ।

✪

## ਗ਼ਜ਼ਲ

ਮਨ ਮੀਤ ਆਪਣਾ ਜਾਣ ਕੇ ਜਦ ਕਹਿ ਲਿਆ ਉਸਨੂੰ ਖ਼ੁਦਾਅ।
ਖ਼ੁਦ ਨੂੰ ਖ਼ੁਦਾ ਫਿਰ ਸਮਝ ਕੇ ਉਹ ਗਿਆ ਸਾਥੋਂ ਜੁਦਾਅ।

ਨਿਤ ਲਾਰਿਆਂ ਤੇ ਵਾਅਦਿਆਂ ਦੀ ਚਾਸ਼ਨੀ ਤੂੰ ਚਾੜ੍ਹਦੈ,
ਦੀਵਾਨਿਆਂ ਤੂੰ ਸਿੱਖ ਲਈ ਕਿਉਂ ਜੀਣ ਦੀ ਐਸੀ ਅਦਾਅ।

ਭਾਵੇਂ ਝਨਾਂ ਸੀ ਰੋਕਦਾ ਮਨ ਮੀਤ ਤਾਈਂ ਮਿਲਣ ਤੋਂ,
ਕਦ ਪੇਸ਼ ਚੱਲਦੀ ਫਿਰ ਕਿਤੇ ਜਦ ਇਸ਼ਕ ਦਾ ਚੜ੍ਹਦੈ ਸੁਦਾਅ।

ਕਿਉਂ ਰੋਕਿਆਂ ਕੋਈ ਰੁਕੇ ਜਦ ਡੋਰ ਖਿੱਚੇ ਪ੍ਰੇਮ ਦੀ,
ਇਕ ਖਿੱਚ ਅਗੰਮੀ ਨੂਰ ਦੀ ਦੇਂਦੀ ਰਹੀ ਸਾਨੂੰ ਸਦਾਅ।

ਜਦ ਨਾਮ ਤੇਰੇ ਲਾ ਲਈ ਸੀ ਜ਼ਿੰਦਗੀ ਇਹ ਆਪਣੀ,
ਕਿਉਂ ਫੇਰ ਦਿਲ ’ਚੋਂ ਧੜਕਣਾ ਨੂੰ ਕਰ ਰਿਹੈਂ ਏਦਾਂ ਜੁਦਾਅ।

ਨਾ ਬੀਜ ਹਰ ਥਾਂ ਧਰਤ ਉੱਤੇ ਨਫ਼ਰਤਾਂ ਦੇ ਬੀਜ ਨੂੰ,
ਸੰਸਾਰ ਖਿੜਦੇ ਚਮਨ ਜਿਉਂ ਦੇਖੀ ਕਿਵੇਂ ਫਿਰ ਮਹਿਕਦਾ।

ਜਦ ਦਮ ਅਖ਼ੀਰੀ ਨਿਕਲਦਾ ਫਿਰ ਤਾਂ ਜਲਾਉਂਦਾ ਹੋਂਦ ਨੂੰ,
‘ਦਰਸ਼ਨ’ ਚਿਖ਼ਾ ’ਤੇ ਧਰ ਗਿਐ ਕਿਉਂ ਦਿਲ ਅਸਾਡਾ ਸਹਿਕਦਾ।

✪

## ਗ਼ਜ਼ਲ

ਘਰਾਂ ਨੂੰ ਬਦਲ ਦਿੱਤਾ ਹੈ ਜਿਨ੍ਹਾਂ ਨੇ ਮਕਤਲਾ ਅੰਦਰ।
ਕਿਵੇਂ ਮਹਿਫੂਜ਼ ਵੱਸਣਗੇ ਉਨ੍ਹਾਂ ਹੀ ਸਰਦਲਾਂ ਅੰਦਰ।

ਕਿਤੋਂ ਇਨਸਾਫ਼ ਮੰਗੇਗੀ ਕਿਵੇਂ ਫਿਰ ਨਾਰ ਦੀ ਹਸਤੀ,
ਪਵਾਏ ਤੋਂਕ ਗਰਜ਼ਾਂ ਦੇ ਜਿਨ੍ਹਾਂ ਨੇ ਖ਼ੁਦ ਗਲਾਂ ਅੰਦਰ।

ਜਦੋਂ ਵੀ ਫੜਫੜਾਵਣਗੇ ਪਰਾਂ ਨੂੰ ਜ਼ਖ਼ਮ ਹੀ ਮਿਲਣੇ,
ਵਸਾਏ ਸਹਿਮ ਪਿੰਜਰੇ ਦੇ ਸਮੇਂ ਨੇ ਬੁਲਬੁਲਾ ਅੰਦਰ।

ਕਈ ਮੰਜ਼ਰ ਫਨਾਹ ਕੀਤੇ ਤੁਫਾਂ ਕਦ ਰੋਕਿਆਂ ਰੁਕਦੇ,
ਗ਼ਮਾਂ ਦੀ ਲਹਿਰ ਨੇ ਢਾਏ ਕਿਨਾਰੇ ਵੀ ਪਲਾਂ ਅੰਦਰ।

ਅਗੰਮੀ ਨੂਰ ਵਿਚ ਜੁੜਦੀ ਕਿਵੇਂ ਫਿਰ ਆਸਥਾ ਤੇਰੀ,
ਖ਼ੁਦੀ ਨੂੰ ਜਕੜ ਜੋ ਬੈਠੈਂ ਤਮ੍ਹਾਂ ਦੇ ਸੰਗਲਾਂ ਅੰਦਰ।

ਕਿਸੇ ਭਟਕੇ ਮੁਸਾਫ਼ਿਰ ਨੂੰ ਕਿਤੇ ਵੀ ਚੈਨ ਨਾ ਮਿਲਿਆ,
ਜੋ ਪੀੜਾ ਰਸਤਿਆਂ ਦਿੱਤੀ ਨਾ ਭੁੱਲੀ ਮੰਜ਼ਿਲਾਂ ਅੰਦਰ।

ਜਿਨ੍ਹਾਂ ਦੀ ਦੋਸਤੀ ਤੇ ਮਾਣ ਸੀ ਸਾਨੂੰ ਖ਼ੁਦਾ ਵਰਗਾ,
ਕਿਨਾਰੇ ਆਣ ਬੈਠੇ ਨੇ ਡੁਬੋ ਕੇ ਦਲਦਲਾਂ ਅੰਦਰ।

ਕਿਵੇਂ ਪੀੜਾ ਦੀ ਸ਼ਿੱਦਤ ਨੂੰ ਬਿਆਨੇ ਵੱਖਰਾ ਮਛਲੀ,
ਜਿਵੇਂ ਤੜਫ਼ੀ ਸੀ ਸਾਹਿਲ ਤੇ ਤਿਵੇਂ ਤੜਫ਼ੀ ਥਲਾਂ ਅੰਦਰ।

ਪਿਆਸੀ ਹੋਂਦ ਸਾਡੀ ਨੂੰ ਹੁਲਾਰਾ ਦੇ ਗਏ 'ਦਰਸ਼ਨ',
ਲਿਖੇ ਜੋ ਪਲ ਮੁਹੱਬਤ ਦੇ ਜ਼ਮਾਨੇ ਦੇ ਦਿਨਾਂ ਅੰਦਰ।

✪

## ਗ਼ਜ਼ਲ

ਮੁਹੱਬਤ ਕਤਲ ਹੁੰਦੀ ਹੈ ਜਦੋਂ ਵੀ ਸਰਦਲਾਂ ਅੰਦਰ।
ਖ਼ੁਦਾ ਵੀ ਸਹਿਮਦਾ ਹੋਣੈ ਉਨ੍ਹਾਂ ਜ਼ਾਲਿਮ ਪਲਾਂ ਅੰਦਰ।

ਜਿਨ੍ਹਾਂ ਦੀ ਦੋਸਤੀ ਸਿਜਦੇ ਦੇ ਕਾਬਲ ਸੀ ਸਦਾ ਜਾਣੀ,
ਉਨ੍ਹਾਂ ਹੀ ਆ ਬਿਠਾਇਆ ਹੈ ਘਰਾਂ ਜਿਹੇ ਮਕਤਲਾਂ ਅੰਦਰ।

ਭਰੇ ਪਰਵਾਜ਼ ਕੀ ਪੰਛੀ ਪਰਾਂ ਦਾ ਜ਼ੋਰ ਕੀ ਦੇਖੇ,
ਉਡਾਰੀ ਮਾਰ ਨਾ ਸਕਿਆ ਜੋ ਸ਼ਹਿਰਾਂ ਜੰਗਲਾਂ ਅੰਦਰ।

ਜਿਨ੍ਹਾਂ ਦੇ ਹਾਸਿਆਂ ਦੀ ਖਨਕ 'ਚੋਂ ਸੰਗੀਤ ਸਨ ਉਪਜੇ,
ਦਿਲਾਂ ਦੇ ਤਾਰ ਵੀ ਤੋੜੇ ਉਨ੍ਹਾਂ ਨੇ ਹੀ ਥਲਾਂ ਅੰਦਰ।

ਕਿਵੇਂ ਹਾਲਾਤ ਦੇ ਅੱਗੇ ਵੀ ਬੌਣਾ ਹੋ ਗਿਆ ਹੋਣੈ,
ਜ਼ਨਾਜ਼ਾ ਪ੍ਰੇਮ ਦਾ ਜਦ ਨਿਕਲਿਆ ਸੀ ਮਹਿਫ਼ਲਾਂ ਅੰਦਰ।

ਇਲਾਹੀ ਨੂਰ ਸੀ ਵਸਿਆ ਨਾ ਭਿੱਜੀ ਆਤਮਾ ਤੇਰੀ,
ਘੜੇ ਮੂਧੇ ਮੁਹੱਬਤ ਦੇ ਧਰੀ ਬੈਠੇਂ ਦਿਲਾਂ ਅੰਦਰ।

ਹੁਲਾਰਾ ਹੋਂਦ ਨੂੰ 'ਦਰਸ਼ਨ' ਕਦੇ ਤਾਂ ਦੇਣਗੇ ਆਕੇ,
ਨਿਭਾਏ ਕੌਲ ਸਨ ਜਿਹੜੇ ਅਸਾਂ ਨੇ ਮੁਸ਼ਕਿਲਾਂ ਅੰਦਰ।

✪

## .ਗ਼ਜ਼ਲ

ਸੀ ਦੀਪ ਤੋਂ ਪੁੱਛਿਆ ਕਿਸੇ ਕੀ ਰਾਜ਼ ਤੇਰੇ ਬਲਣ ਦਾ।
ਸੂਰਜ ਤੋਂ ਲੈ ਕੇ ਰੋਸ਼ਨੀ ਫਿਰ ਨਾਲ ਉਸ ਦੇ ਰਲਣ ਦਾ।

ਨਿਤ ਕਹਿਣ ਦੀਵਾ ਬਲ ਰਿਹੈ ਪਰ ਤੇਲ ਹੀ ਬਲਦਾ ਰਹੇ,
ਬੱਤੀ ਸਹਾਰੇ ਅਗਨ ਸਿਰ ’ਤੇ ਦੁੱਖ ਡੂੰਘਾ ਜਲਣ ਦਾ।

ਸੋਨਾ ਭਲੇ ਹੀ ਸ਼ੁੱਧ ਹੋਵੇ ਕੀਮਤੀ ਹਰ ਧਾਤ ਤੋਂ,
ਤਾਂਬਾ ਰਲੇ ਗਹਿਣਾ ਬਣੇ ਪਰ ਦੁੱਖ ਸਹਾਰੇ ਢਲਣ ਦਾ।

ਡਰਨਾ ਕਰੇ ਰਾਖੀ ਸਦਾ ਬਿਨ ਬੋਲਿਆਂ ਹੀ ਖੇਤ ਦੀ,
ਕਿਸੇ ਨੇ ਸਿਖਾਇਐ ਢੰਗ ਇਸਨੂੰ ਪੰਛੀਆਂ ਨੂੰ ਛਲਣ ਦਾ।

ਖ਼ੁਦ ’ਨੇਰਿਆਂ ਤੋਂ ਬਚਣ ਖ਼ਾਤਿਰ ਭਾਲਦੇ ਹਾਂ ਰੋਸ਼ਨੀ,
ਪਰ ਚੋਰ ਅਕਸਰ ਸਿੱਖਦੇ ਨੇ ਢੰਗ ਇਸਨੂੰ ਵਲਣ ਦਾ।

ਪਾਣੀ ਬਿਨਾ ਜੋ ਮਰ ਗਈ ਮਰ ਕੇ ਵੀ ਪਾਣੀ ਮੰਗਦੀ,
ਭਾਵੇਂ ਪਕਾਈ ਅੱਗ ’ਤੇ ਕਰਕੇ ਵਸੀਲਾ ਤਲਣ ਦਾ।

ਸੂਰਜ ਚੜ੍ਹੇ ਤਾਂ ਦੇਣ ਪਾਣੀ ਨਿੱਘ ਮਾਨਣ ਧੁੱਪ ਦਾ,
‘ਦਰਸ਼ਨ’ ਕਿਸੇ ਦਾ ਬਾਤ ਪੁੱਛੀ ਵਕਤ ਸੀ ਜਦ ਢਲਣ ਦਾ।

✪

## ਗ਼ਜ਼ਲ

ਚੜ੍ਹਦੇ ਸਵੇਰੇ ਢਲ਼ ਗਿਆ ਸੀ ਆਸ ਦਾ ਸੂਰਜ ਨਵਾਂ।
ਫਿਰ ਵੀ ਉਡੀਕਾਂ ਵਿਚ ਰਿਹਾ ਵਿਸ਼ਵਾਸ ਦਾ ਸੂਰਜ ਨਵਾਂ।

ਪੌੜੀ ਬਣਾ ਕੇ ਸਭ ਸਿਰਾਂ ਦੀ ਛੂਹ ਲਿਐ ਜਿਸ ਗਗਨ ਨੂੰ,
ਹੱਥੀਂ ਫੜਾ ਕੇ ਤੁਰ ਗਿਆ ਧਰਵਾਸ ਦਾ ਸੂਰਜ ਨਵਾਂ।

ਬਣ ਜਾਣ ਫਿਰ ਸ਼ਿੰਗਾਰ ਅੰਬਰ ਦਾ ਸਿਤਾਰੇ ਚੰਨ ਵੀ,
ਜੀਵਨ ਬਿਤਾਉਂਦੈ ਜਦ ਕਿਤੇ ਨਿਰਵਾਸ ਦਾ ਸੂਰਜ ਨਵਾਂ।

ਹਰ ਇਕ ਨਵੇਲੀ ਕਾਢ ਵਿਚ ਸਿਰਮੌਰ ਬਨਿਐ ਆਦਮੀ,
ਕਿਉਂ ਫਿਰ ਗਵਾਉਂਦੈ ਸਦ ਗੁਣਾ ਦੀ ਰਾਸ ਦਾ ਸੂਰਜ ਨਵਾਂ।

ਲਮਹੇ ਖ਼ਤਾ ਕਰਦੇ ਜਦੋਂ ਭੋਗਣ ਸਦੀਆਂ ਫਿਰ ਸਜ਼ਾ,
ਅਣਗੌਲਿਆ ਰਹਿ ਜਾਏ ਤਦੋਂ ਇਤਿਹਾਸ ਦਾ ਸੂਰਜ ਨਵਾਂ।

ਨੈਣਾਂ ਦੀ ਜੇ ਹਰ ਸਰਾਂ ਵਿਚ ਠਹਿਰਨਾ ਤੂੰ ਲੋਚਦੈਂ,
ਕੁੰਠਿਤ ਨਾ ਹੋਵੇ ਫਿਰ ਕਿਵੇਂ ਅਹਿਸਾਸ ਦਾ ਸੂਰਜ ਨਵਾਂ।

ਦਰਸ਼ਨ ਖਿੜੇ ਗੁਲਜ਼ਾਰ ਹਰ ਥਾਂ ਮਹਿਕ ਉੱਠੇ ਚਮਨ ਵੀ,
ਪਰਵਾਨ ਹੋ ਕੇ ਜਦ ਚੜ੍ਹੇ ਅਰਦਾਸ ਦਾ ਸੂਰਜ ਨਵਾਂ।

✪

## .ਗ਼ਜ਼ਲ

ਦਿਲ ਵਿਚ ਕੁਝ ਤਾਂ ਦੂਰੀ ਹੈ ਸੀ।
ਤਾਂ ਹੀ ਬਾਤ ਅਧੂਰੀ ਹੈ ਸੀ।

ਪੁਰਜਾ ਪੁਰਜਾ ਖ਼ਤ ਸੀ ਭਾਵੇਂ,
ਖ਼ੈਰ ਇਬਾਰਤ ਪੂਰੀ ਹੈ ਸੀ।

ਲਬ ਭਾਵੇਂ ਖ਼ਾਮੋਸ਼ ਰਹੇ ਨੇ,
ਤਿਰਛੀ ਨਜ਼ਰ ਗ਼ਰੂਰੀ ਹੈ ਸੀ।

ਹਰ ਇਕ ਦਰ 'ਤੇ ਸੀਸ ਝੁਕਾਉਣਾ,
ਗਰਜ਼ਾਂ ਦੀ ਮਜਬੂਰੀ ਹੈ ਸੀ।

ਕਿਹੜਾ ਬੇਲੇ ਮੱਝੀਂ ਚਾਰੇ,
ਨਾ ਛੰਨਾ ਨਾ ਚੂਰੀ ਹੈ ਸੀ।

ਟੁਕੜੇ ਟੁਕੜੇ ਪਰਖ ਨਾ ਯਾਰਾ,
ਦਿਲ ਦੀ ਹਸਰਤ ਪੂਰੀ ਹੈ ਸੀ।

ਸਹਿ ਗਈ 'ਦਰਸ਼ਨ' ਜੱਗ ਥਪੇੜੇ,
ਪੱਲੇ ਸਿਦਕ ਸਬੂਰੀ ਹੈ ਸੀ।

✪

## ਗ਼ਜ਼ਲ

ਜ਼ਿੰਦਗੀ ਦੇ ਪੈਂਡਿਆਂ ਵਿਚ ਸੁਲਗਦੀ ਉਸ ਰਾਤ ਨੂੰ।
ਆਖਣਾ ਦੇ ਦੇ ਸੁਨੇਹਾ ਜੀਣ ਦੀ ਪਰਭਾਤ ਨੂੰ।

ਚਾਨਣੇ ਦੀ ਹੋਂਦ ਨੂੰ ਜੇ ਕਾਲਖਾਂ ਨੇ ਡੀਕਿਐ,
ਕੀ ਕਰੋਗੇ ਮੰਗ ਕੇ ਫਿਰ ਦੀਦਿਆਂ ਦੀ ਦਾਤ ਨੂੰ।

ਨਫ਼ਰਤਾਂ ਦੇ ਬੁਰਜ ਜੇ ਨਾ ਢਹਿਣਗੇ ਸੰਸਾਰ ਤੋਂ,
ਛੇੜ ਸਕਦੇ ਹਾਂ ਕਿਵੇਂ ਫਿਰ ਦੋਸਤੀ ਦੀ ਬਾਤ ਨੂੰ।

ਛੱਤ ਘਰ ਦੀ ਚੋਣ ਤੋਂ ਡਰਦੇ ਰਹੇ ਸਾਂ ਉਮਰ ਭਰ,
ਮੰਗਦੇ ਕੀਕਣ ਭਲਾਂ ਫਿਰ ਰੱਬ ਤੋਂ ਬਰਸਾਤ ਨੂੰ।

ਘਰ ਜਦੋਂ ਮਕਤਲ ਹੈ ਬਣਿਆ ਸੁਫ਼ਨਿਆਂ ਤੇ ਰੀਝ ਦਾ,
ਕੌਣ ਪੁੱਛੇਗਾ ਭਲਾ ਫਿਰ ਉਸ ਘਰੇ ਜਜ਼ਬਾਤ ਨੂੰ।

ਹੋਂਦ ਤੇਰੀ ਨੂੰ ਜਦੋਂ ਪਹਿਚਾਣਦੇ ਆਪਣੇ ਨਹੀਂ,
ਫਿਰ ਅਸੀਂ ਇਲਜ਼ਾਮ ਦੇਂਦੇ ਕਿਉਂ ਕਿਸੇ ਅਗਿਆਤ ਨੂੰ।

ਦੇਣ ਤੋਂ ਪਹਿਚਾਣ 'ਦਰਸ਼ਨ' ਮੁਕਰਦਾ ਆਈਨਾ ਰਿਹਾ,
ਹੋਰ ਕਿਸ ਤੋਂ ਪੁੱਛਦੈਂ ਫਿਰ ਆਪਣੀ ਔਕਾਤ ਨੂੰ।

✪

## ਗ਼ਜ਼ਲ

ਬੇਵਜ੍ਹਾ ਉਹ ਹਰ ਘੜੀ ਹਰ ਜ਼ੁਲਮ ਨੇ ਕਰਦੇ ਰਹੇ।
ਖੁੱਲ੍ਹੇ ਨਾ ਇਹ ਬੰਦ ਮੁੱਠੀ ਸੋਚ ਕੇ ਜਰਦੇ ਰਹੇ।

ਆਫ਼ਤਾਂ ਦੇ ਦੌਰ 'ਚੋਂ ਖ਼ੁਦ ਨੂੰ ਬਚਾਉਂਦੇ ਕਿਸ ਤਰ੍ਹਾਂ,
ਦੁੱਖਾਂ ਦੇ ਦਰਿਆ ਜਦੋਂ ਸਾਂ ਹਰ ਘੜੀ ਤਰਦੇ ਰਹੇ।

ਪਿਆਸ ਦਿਲ ਦੀ ਬਣ ਗਈ ਮਾਰੂਥਲਾਂ ਦੇ ਹਾਣ ਦੀ,
ਝਰਨੇ ਉਸ ਦੀ ਮਿਹਰ ਦੇ ਸਨ ਹੋਰ ਥੇ ਝਰਦੇ ਰਹੇ।

ਰੋਕਿਆ ਤਪਦੇ ਥਲਾਂ ਨੇ ਖ਼ੁਦ ਝਨਾਂ ਵੀ ਵਰਜਿਆ,
ਪ੍ਰੇਮ ਦੀ ਉਸ ਡਗਰ 'ਤੇ ਜਦ ਪੈਰ ਸਾਂ ਧਰਦੇ ਰਹੇ।

ਹੰਝ ਖ਼ਾਰੇ ਬਣ ਗਏ ਇਸ ਉਮਰ ਦੇ ਹਾਣੀ ਜਦੋਂ,
ਖੌਫ਼ ਦੇ ਦਰਿਆ ਤਦੋਂ ਸਾਂ ਖ਼ੁਦ-ਬ-ਖ਼ੁਦ ਤਰਦੇ ਰਹੇ।

ਬਿਜਲੀਆਂ 'ਤੇ ਜੇ ਗਿਲ਼ਾ ਕਰਦੇ ਕਿਵੇਂ ਕੀ ਸੋਚ ਕੇ,
ਘਰ ਜਲਾਉਂਦੇ ਦੀਪ ਜਦ ਖ਼ੁਦ ਆਪ ਘਰ ਦੇ ਹੀ ਰਹੇ।

ਹਸਰਤਾਂ ਦੀ ਝੋਲ ਖਾਲੀ ਦੇਖ ਪਾਸਾ ਵੱਟ ਗਏ,
ਫੇਰ ਨਿਸਦਿਨ ਬੇਵਸੀ ਦੀ ਮੌਤ ਵੀ ਮਰਦੇ ਰਹੇ।

ਜਿਸ ਨਿਭਾਈ ਨਾ ਕਦੇ ਪਾਕੀਜ਼ਗੀ ਵਿਸ਼ਵਾਸ ਦੀ,
ਤੁਹਮਤਾਂ ਦੀ ਝੋਲ 'ਦਰਸ਼ਨ' ਉਹ ਸਦਾ ਭਰਦੇ ਰਹੇ।

✪

## ਗ਼ਜ਼ਲ

ਭਾਵੇਂ ਨਜ਼ਰ ਗ਼ਰੂਰੀ ਹੈ ਸੀ।
ਫਿਰ ਵੀ ਅੱਖ ਸਰੂਰੀ ਹੈ ਸੀ।

ਕੀਲ ਗਈ ਜੋ ਆਲ-ਦੁਆਲਾ,
ਉਹ ਕਿਹੜੀ ਮਖ਼ਮੂਰੀ ਹੈ ਸੀ।

ਪੰਖੀ ਤੱਕ ਵੀ ਭਟਕ ਗਏ ਨੇ,
ਜਲਵਾ ਹੀ ਕੁਝ ਨੂਰੀ ਹੈ ਸੀ,

ਧੁਰ ਅੰਦਰ ਤੱਕ ਫੂਕ ਗਈ ਹੈ,
ਭਾਵੇਂ ਨਾਮ ਅੰਗੂਰੀ ਹੈ ਸੀ।

ਕਿਉਂ ਭਟਕੇਂ ਤੂੰ ਚਾਰ-ਚੁਫੇਰੇ,
ਦਿਲ ਵਿਚ ਜਦ ਕਸਤੂਰੀ ਹੈ ਸੀ।

ਝਨਕ ਗਈ ਹੁੰਦੀ ਦਿਲ-ਵੀਣਾ,
ਬਸ ਇਕ ਛੋਹ ਜ਼ਰੂਰੀ ਹੈ ਸੀ।

ਰੀਝਾਂ ਵਿਹੜੇ ਆ ਕੇ 'ਦਰਸ਼ਨ'
ਭਰਿਆ ਰੰਗ ਸੰਧੂਰੀ ਹੈ ਸੀ।

✪

## ਗ਼ਜ਼ਲ

ਇਸ ਦਿਨ ਵਾਂਗੂ ਪਿਆਸਾ ਸਾਵਣ ਰਿਮਝਿਮ ਨਾ ਬਰਸਾਏ ਬੱਦਲ।
ਕਿਸ ਬਿਰਹਣ ਦੇ ਹਉਕੇ ਵਰਗੇ ਛਾਏ ਨੇ ਤਿਰਹਾਏ ਬੱਦਲ।

ਸੁੱਕੇ ਥਲ ਦੀ ਹੋਂਦ ਭੁਲਾ ਕੇ ਸਾਗਰ ਉੱਤੇ ਜਾ ਕੇ ਵੱਸਣ,
ਬੂੰਦ ਸਵਾਂਤੀ ਖ਼ਾਤਰ ਅਕਸਰ ਚਾਤ੍ਰਿਕ ਨੂੰ ਤਰਸਾਏ ਬੱਦਲ।

ਸਾਡੇ ਨਾਲ ਸ਼ਰੀਕਾਂ ਵਾਲੀ ਕਰਦਾ ਹੈ ਇਹ ਜਦ ਵੀ ਆਉਂਦੈ,
ਲਾਰੇ ਲਾਵੇ ਪਰਤ ਨਾ ਆਵੇ ਦਿਲ ਵਿਚ ਦਰਦ ਵਧਾਏ ਬੱਦਲ।

ਪਲ ਵਿਚ ਰੋੜ੍ਹ ਲਿਜਾਂਦੈ ਜ਼ਾਲਿਮ ਰੀਝਾਂ ਦੀ ਇਹ ਧਰਤੀ ਸਾਵੀ,
ਮਰਮ ਵਿਹੂਣੇ ਜੋ ਹਨ ਫਟਦੇ ਕਿਸ ਬੇਦਰਦਣ ਜਾਏ ਬੱਦਲ।

ਕਰਦਾ ਰਹੇਗਾ ਨਿੱਤ ਹੀ ਛਾਵਾਂ ਇਹ ਸੋਚ ਕੇ ਛੱਪਰ ਢਾਹ ਬੈਠੇ।
ਦੋ ਪਲ ਛਾਇਆ ਧੁੱਪ ਉਮਰਾਂ ਦੀ ਦੇ ਗਏ ਗ਼ਮ ਦੇ ਸਾਏ ਬੱਦਲ।

ਕਾਲੀ ਕਹਿਰ ਘਟਾ ਦੇ ਅੰਦਰ ਛੁਪਿਆ ਰਾਜ਼ ਹੈ ਦੁੱਖ ਦਾ ਭਾਵੇਂ,
ਫਿਰ ਵੀ ਆਸ ਦੀ ਧੌਲੀ ਕੰਨੀ ਆਪਣੇ ਨਾਲ ਲਿਆਏ ਬੱਦਲ।

ਸੌਂਧੀ ਮਹਿਕ ਮਿੱਟੀ ’ਚੋਂ ਆਵੇ ਪੱਲਰੇ ਧਰਤੀ ਚਾਵਾਂ ਦੀ,
ਆਸਾਂ ਓੜਣ ਸਾਵਾ ਸੁੱਭਰ ਰੀਝਾਂ ਨੂੰ ਵਰੋਸਾਏ ਬੱਦਲ।

ਸੱਜਣ ਵਾਂਗੂੰ ਖੋਰਨ ਭਾਵੇਂ ਚਿਤਵਨ ਵਿਚ ਜੋ ਰੰਗ ਭਰੇ ਨੇ,
ਨਿਰਛਲ ਜਿਹੀ ਇਸ ਪੀੜਾ ਵਿਚ ਵੀ ਆਸ ਦੀ ਜੋਤ ਜਗਾਏ ਬੱਦਲ।

ਸੁੱਖਾਂ, ਸੁੱਖਾਂ ਪੀਰ ਮਨਾਵਾਂ ਸੱਜਣ ਵਰਗੇ ਬੱਦਲ ਖ਼ਾਤਿਰ,
ਬੇਦਰਦੀ ਨੇ ਦੋਨੋਂ ‘ਦਰਸ਼ਨ’ ਸੱਜਣ ਵਾਂਗ ਹੀ ਭਾਏ ਬੱਦਲ।

✪

## ਗ਼ਜ਼ਲ

ਡਾਢੀ ਸੱਟ ਸੀਨੇ 'ਤੇ ਮਾਰੀ ਫੁੱਲ ਅਕੀਦਾ ਹਾਰ ਗਿਆ।
ਰੂਹ ਕੁਰਲਾਈ ਏਦਾਂ ਸਾਡੀ ਕਰਕੇ ਜਿਉਂ ਸੰਗਸਾਰ ਗਿਆ।

ਗਲ ਵਿਚ ਮਾਲਾ ਕਫ਼ਨੀ ਪਾ ਕੇ ਭੇਖ ਉਦਾਸੀ ਧਾਰ ਗਿਆ।
ਰੱਬ ਦਾ ਦੋਖੀ ਰੱਬ ਦੇ ਨਾਂ 'ਤੇ ਸੰਤਾਂ ਨੂੰ ਵੀ ਚਾਰ ਗਿਆ।

ਮਹਿਕ ਸਕੇ ਨਾ ਬਾਂਸ ਹਠੀਲਾ ਭਾਵੇਂ ਚੰਦਨ ਮੁੱਢ ਵਸੇ,
ਹੱਠ-ਧਰਮੀ ਵੀ ਫੁੱਲਾਂ ਦੇ ਮੁੱਢ ਏਦਾਂ ਹੀ ਬਣ ਖ਼ਾਰ ਗਿਆ।

ਪਲ ਛਿੰਨ ਦੇ ਇਕ ਸੁਫਨੇ ਵਰਗਾ ਹੈ ਸੀ ਕੌਲ ਮੁਹੱਬਤ ਦਾ,
ਯਾਦਾਂ ਦੀ ਤਖ਼ਤੀ ਤੋਂ ਮਿਟਦਾ ਪਲ ਵਿਚ ਜੋ ਸੌ ਵਾਰ ਗਿਆ।

ਰੀਝਾਂ ਵਿਹੜੇ ਸਾਵਣ ਅਕਸਰ ਏਦਾਂ ਵੀ ਤਾਂ ਆਉਂਦਾ ਸੀ,
ਇਕਨਾਂ ਘਰ ਜਾ ਪੀਂਘ ਚੜ੍ਹਾਈ ਦੂਜੇ ਦੇ ਧਰ ਦਾਰ ਗਿਆ।

ਬੁੱਕਲ ਦੇ ਵਿਚ ਭਰ ਅੰਗਿਆਰੇ ਠਿੱਲੇ ਵਿਚ ਤੂਫ਼ਾਨਾਂ ਦੇ,
ਵੇਗ ਝਨਾਂ ਦਾ ਤਾਂ ਹੀ ਸ਼ਾਇਦ ਜੋਬਨ ਦੀ ਅੱਗ ਠਾਰ ਗਿਆ।

ਧੋ ਨਾ ਸਕਿਆ ਦਾਗ਼ ਮੱਥੇ ਦਾ ਯੁੱਗਾਂ ਤੀਕਰ ਇੰਦਰ ਵੀ,
ਨਾਰ ਪਰਾਈ ਭੋਗਣ ਨੂੰ ਜੋ ਰੂਪ ਰਿਸ਼ੀ ਦਾ ਧਾਰ ਗਿਆ।

ਅੱਠ ਸੱਠ ਤੀਰਥ 'ਤੇ ਜੇ ਧੋਵੋਂ ਕਦ ਕੌੜ ਗਵਾਈ ਤੂੰਬੀ ਨੇ,
ਇਹ ਮਨ ਮੈਲਾ ਤੀਰਥ ਨ੍ਹਾ ਕੇ ਕਿਹੜਾ ਜਨਮ ਸਵਾਰ ਗਿਆ।

ਮੁੱਖ ਭਵਾ ਫ਼ਰਜ਼ਾਂ ਤੋਂ 'ਦਰਸ਼ਨ' ਰਮਤਾ ਘਰ ਨੂੰ ਨਿੰਦ ਰਿਹਾ,
ਓਸੇ ਘਰ ਹੀ ਕਰਨ ਗਜਾ ਉਹ ਪੇਟ ਲਈ ਸੌ ਵਾਰ ਗਿਆ।

## ਗ਼ਜ਼ਲ

ਇੱਕੋ ਚਾਲ ਸਮੇਂ ਨੇ ਕਦ ਤੱਕ ਚੱਲਣਾ ਹੈ।
ਤਿੱਖੜ ਧੁੱਪ ਦੁਪਹਿਰਾ ਸਰ ਪਰ ਢਲਣਾ ਹੈ।

ਹੁਸਨ ਜਵਾਨੀ ਮਾਪੇ ਰਹਿਣ ਬਹਾਰਾਂ ਨਾ,
ਏਹੀ ਇਕ ਸੱਚਾਈ ਜਿਸ ਨਾ ਟਲਣਾ ਹੈ।

ਹੱਕ ਪਰਾਏ ਖਾ ਕੇ ਮੌਜਾਂ ਮਾਣ ਰਿਹੈਂ,
ਮਿੱਠਾ ਕਰਕੇ ਖਾਧਾ ਕੌੜਾ ਫਲਣਾ ਹੈ।

ਝੁਕ ਝੁਕ ਕਰਨ ਸਲਾਮਾਂ ਚੜ੍ਹਦੇ ਸੂਰਜ ਨੂੰ,
ਬਾਤ ਕਿਸੇ ਨਾ ਪੁੱਛਣੀ ਜਦ ਇਸ ਢਲਣਾ ਹੈ।

ਰੁਖ਼ਸਤ ਜੱਗ ਤੋਂ ਹੋਇਆ ਬੰਦਾ ਜਿਸ ਵੇਲੇ;
ਰਿਸ਼ਤੇਦਾਰਾਂ ਰੋ ਕੇ ਪਾਸਾ ਵਲਣਾ ਹੈ।

ਬਦਲ ਰਹੀ ਪਰਿਭਾਸ਼ਾ ਪਾਪ ਤੇ ਪੁੰਨਾਂ ਦੀ,
ਜਿਸ ਨੇ ਹੱਕ ਦਬਾਏ ਓਸੇ ਫਲਣਾ ਹੈ।

'ਦਰਸ਼ਨ' ਆਖ ਬਸੰਤਰ ਦੇਖ ਤਮਾਸ਼ਾ ਨਾ,
ਘਰ ਤੇਰਾ ਵੀ ਇਸ ਅਗਨੀ ਵਿਚ ਵੀ ਬਲਣਾ ਹੈ।

✪

## ਗ਼ਜ਼ਲ

ਇਸ ਧਰਤੀ ਉਤਲੀ ਜੰਨਤ ਵਿਚ ਅੰਗਿਆਰ ਵਿਛਾਈ ਫਿਰਦੇ ਹਾਂ।
ਕਿਉਂ ਦੇਵਾਂ ਦੀ ਇਸ ਭੂਮੀ ਦਾ ਸਤਿਕਾਰ ਗਵਾਈ ਫਿਰਦੇ ਹਾਂ।

ਕੁਝ ਖ਼ਲਕਤ ਵੰਡੀ ਧਰਮਾਂ ਨੇ ਕੁਝ ਨੀਤੀਵਾਨਾਂ ਵੰਡ ਲਈ,
ਹਰ ਸੀਨੇ ਦੇ ਵਿਚ ਨਫ਼ਰਤ ਦਾ ਕਿਰਦਾਰ ਬਿਠਾਈ ਫਿਰਦੇ ਹਾਂ।

ਲਹਿਰਾਇਐ ਲਾਲ ਪਲੀਤੇ ਦੇ ਇਕ ਝੰਡਾ ਵੀ ਤਾਂ ਅਮਨਾਂ ਦਾ,
ਉਸ ਝੰਡੇ ਦੇ ਵਿਚ ਜੰਗਾਂ ਦੇ ਹਥਿਆਰ ਲੁਕਾਈ ਫਿਰਦੇ ਹਾਂ।

ਦਿਲ ਦੀਆਂ ਡੂੰਘੀਆਂ ਪਰਤਾਂ ਵਿਚ ਇਕ ਸ਼ਿਕਰਾ ਵੀ ਲੁਕਿਆ ਹੈ
ਪਰ ਚਾਦਰ ਓੜ ਭਰੱਪਣ ਦੀ ਦਿਲਦਾਰ ਕਹਾਈ ਫਿਰਦੇ ਹਾਂ।

ਆਖ਼ਿਰ ਨੂੰ ਗ਼ਮ ਦੇ ਸਾਗਰ ਵਿਚ ਇਸ ਡੋਬ ਜਵਾਨੀ ਨੂੰ ਜਾਣੈ,
ਕਿਉਂ ਫੇਰ ਨਸ਼ੇ ਦੀ ਇੱਲਤ ਨੂੰ ਗ਼ਮਖ਼ਾਰ ਬਣਾਈ ਫਿਰਦੇ ਹਾਂ।

ਹੱਸਣ ਗੇ ਲੋਕ ਸ਼ਰੀਕੇ ਦੇ ਜੇ ਪਾਇਲ ਸਾਡੀ ਠਹਿਕ ਪਈ,
ਡਰ ਕੇ ਝਾਂਜਰ ਦੇ ਬੋਰਾਂ ’ਚੋਂ ਛਣਕਾਰ ਗਵਾਈ ਫਿਰਦੇ ਹਾਂ।

ਖ਼ਲਕਤ ਹੀ ਸਾਰੀ ਘੇਰ ਲਈ ਸ਼ੈਤਾਨਾਂ ਅਤੇ ਹੈਵਾਨਾਂ ਨੇ,
ਸਾਝਾਂ ਦੇ ਮੋਤੀ ਤਾਂ ਹੀ ਤਾਂ ਬਾਜ਼ਾਰ ਵਿਕਾਈ ਫਿਰਦੇ ਹਾਂ।

ਹੱਥਾਂ ਦੇ ਛਾਲੇ ਦੱਸਣ ਗੇ ਕਿਵੇਂ ਧਰਤੀ ਜੰਨਤ ਬਣ ਸਕਦੀ,
ਹਰ ਛਾਲੇ ਦੇ ਵਿਚ ਮਿਹਨਤ ਦਾ ਇਕ ਸਾਰ ਛੁਪਾਈ ਫਿਰਦੇ ਹਾਂ।

ਚੜ੍ਹਦਾ ਨਾ ਝੱਲ ਜਵਾਨੀ ਨੂੰ ਕਿਉਂ ਨਾਲ ਤੁਫ਼ਾਨਾਂ ਖਹਿ ਜਾਂਦੀ,
ਕੱਚੇ ’ਤੇ ਠਿੱਲ੍ਹ ਕੇ ‘ਦਰਸ਼ਨ’ ਜੀ ਇਕਰਾਰ ਨਿਭਾਈ ਫਿਰਦੇ ਹਾਂ।

✪

## ਗ਼ਜ਼ਲ

ਸ਼ਗਨਾਂ ਦੀ ਮਹਿੰਦੀ ਰਚ ਜਾਂਦੀ, ਮਿਲ ਜਾਂਦੇ ਸੁੱਬਰ ਪਿਆਰਾਂ ਦੇ।
ਜੇ ਇਸ਼ਕ ਕਿਤੇ ਨੀਲਾਮ ਨਾ ਹੁੰਦਾ ਆ ਕੇ ਵਿਚ ਬਾਜ਼ਾਰਾਂ ਦੇ।

ਉਹ ਝੰਗ ਸਿਆਲਾਂ ਆਪਣਾ ਸੀ ਹੋ ਜਾਂਦਾ ਤਖਤ-ਹਜ਼ਾਰਾ ਵੀ,
ਜੇ ਕੈਦੋਂ ਮੁੱਲਾਂ ਚੂਚਕ ਨਾ ਦੁਸ਼ਮਣ ਬਣਦੇ ਦਿਲਦਾਰਾਂ ਦੇ।

ਜੋ ਜ਼ਖ਼ਮੀ ਕੀਤੈ ਨੈਣਾ ਨੇ ਉਹ ਮਰਦਿਆਂ ਪਾਣੀ ਕੀ ਮੰਗੇ,
ਉਹ ਪਲਟ ਕਰੇਗਾ ਵਾਰ ਕਿਵੇਂ ਫਿਰ ਖ਼ੰਜਰ ਤੇ ਤਲਵਾਰਾਂ ਦੇ।

ਇਉਂ ਜਾਪੇ ਜੀਕਣ ਕਾਲ ਪਿਆ ਕੁਝ ਪਰ-ਉਪਕਾਰੀ ਜੀਵਾਂ ਦਾ,
ਦੌਲਤ ਦੀ ਭੁੱਖ ਮਿਟਾਉਣ ਲਈ ਨਾਂ ਧਰ ਬੈਠੇ ਉਪਕਾਰਾਂ ਦੇ।

ਇਸ ਮਾਰੂਥਲ ਵਿਚ ਭਟਕੀ ਸੀ ਇਕ ਰੂਹ ਪਿਆਸੀ ਇਸ਼ਕੇ ਦੀ,
ਜੋ ਬਖ਼ਸ਼ ਗਈ ਇਸ ਥਲ ਤਾਈਂ ਕੁਝ ਜ਼ਖ਼ਮੀ ਬੋਲ ਕਰਾਰਾਂ ਦੇ।

ਕੁਝ ਤਾਂ ਰੱਬਾ ਮਿਹਰ ਕਰੀਂ ਇਸ ਪਿਆਸੇ ਥਲ ਦੀ ਧਰਤੀ 'ਤੇ,
ਇਸ ਤਪਦੇ ਦਿਲ ਦਾ ਨਾਂ ਕਰਦੇ ਕੁਝ ਮੌਸਮ ਸੀਤ ਫ਼ੁਹਾਰਾਂ ਦੇ।

ਅਰਮਾਨ ਜ਼ਿਬ੍ਹਾ ਜਦ ਹੋਣ ਕਿਤੇ ਅੰਬਰ ਵੀ 'ਦਰਸ਼ਨ' ਡੋਲ ਪਵੇ,
ਪਰ ਧਰਤੀ ਕਿੰਜ ਅਡੋਲ ਰਹੀ ਤੱਕ ਦਹਿਨ ਹੁੰਦੇ ਮੁਟਿਆਰਾਂ ਦੇ।

✪

## ਗ਼ਜ਼ਲ

ਕਿਉਂ ਨਾ ਅੱਖਰ ਅੱਖਰ ਹੋ ਕੇ ਕਾਗ਼ਜ਼ 'ਤੇ ਆ ਜਾਵਾਂ।
ਜਦ ਤੂੰ ਦਿਲ ਦਾ ਵਰਕਾ ਫੋਲੇਂ ਤੈਨੂੰ ਸਾਹਵੇਂ ਪਾਵਾਂ।

ਤੇਰੇ ਬਾਝੋਂ ਜੰਨਤ ਵੀ ਤਾਂ ਦੋਜ਼ਖ ਵਰਗੀ ਜਾਪੇ,
ਐਪਰ ਮਾਂ ਦੀ ਬੁੱਕਲ ਬਾਝੋਂ ਦੋਜ਼ਖ ਸੱਭੋ ਥਾਵਾਂ।

ਮੇਰੇ ਨੈਣਾਂ ਦੇ ਇਹ ਸਾਗਰ ਭਰਦੇ ਤੇ ਡੁੱਲ੍ਹ ਜਾਂਦੇ,
ਜਦ ਤੋਂ ਵਿਹੜੇ ਵਿਚ ਉਤਰੀਆਂ ਆ ਕੇ ਤਲਖ਼ ਹਵਾਵਾਂ।

ਕਿਰਨਾਂ ਦੀ ਤੰਦ ਕੱਤਣੀ ਚਾਹਵਾਂ ਬੂਹੇ ਚਰਖਾ ਡਾਹਕੇ,
ਟੇਡਾ ਤੱਕਲਾ ਗਿੱਲੀ ਪੂਣੀ ਕੀਕਣ ਤੰਦ ਕਢਾਵਾਂ।

ਬੰਨ੍ਹ ਕਤਾਰਾਂ ਦੁੱਖ ਦੇ ਪੰਛੀ ਉਤਰੇ ਦਿਲ ਦੇ ਬਾਗੀਂ,
ਟੁੱਕ ਟੁੱਕ ਸੁੱਟਣ ਜਿੰਦ ਦਾ ਮੇਵਾ ਬਚਿਆ ਟਾਵਾਂ-ਟਾਵਾਂ।

ਸੁੱਕੇ ਤੱਟ 'ਤੇ ਮਛਲੀ ਵਾਂਗਰ ਬਿਨ ਪਾਣੀ ਪਈ ਤੜਫ਼ਾਂ,
ਰੁਖ਼ ਬਦਲ ਗਈ ਜੀਵਨ ਧਾਰਾ ਕਿਸ ਥਾਂ ਸਿੰਗ ਸਮਾਵਾਂ।

ਰੰਗਲੇ ਪੀੜ੍ਹੇ ਤੇ ਫੁਲਕਾਰੀ ਬਸ ਯਾਦਾਂ ਵਿਚ ਰਹਿੰਦੇ,
ਪਰ 'ਦਰਸ਼ਨ' ਦੇ ਜ਼ਿਹਨ 'ਚ ਵੱਸੇ ਅਰਥੀ ਦਾ ਸਿਰਨਾਵਾਂ।

✪

## ਗ਼ਜ਼ਲ

ਇਕ ਤਾਂਘ ਹੈ ਇਕ ਲੋਚ ਵੀ ਇਕ ਆਸ ਵੀ ਹੈ ਜ਼ਿੰਦਗੀ।
ਆਸਾਂ ਦੇ ਝੂਲੇ ਝੂਲਦੀ ਧਰਵਾਸ ਵੀ ਹੈ ਜ਼ਿੰਦਗੀ।

ਵੈਰਾਗ ਹੈ ਤੇ ਬੰਦਗੀ ਵੀ ਇਹ ਸਮਾਧੀ ਜੋਗ ਦੀ,
ਉਸ ਰੱਬ ਦੀ ਰਹਿਮਤ ਜਿਹਾ ਅਹਿਸਾਸ ਵੀ ਹੈ ਜ਼ਿੰਦਗੀ।

ਨੀਲਾਮ ਹੁੰਦੀ ਹੈ ਕਿਤੇ ਦਿਲ ਦੀ ਮੁਹੱਬਤ ਵਾਸਤੇ,
ਪਾ ਕੇ ਗਲੇ ਵਿਚ ਤੋਂਕ ਬਣਦੀ ਦਾਸ ਵੀ ਹੈ ਜ਼ਿੰਦਗੀ।

ਨਿੱਕਾ ਜਿਹਾ ਜਾਪੇ ਕਦੇ ਅੰਬਰ ਉਡਾਰੀ ਵਾਸਤੇ,
ਕਰਦੀ ਕਦੇ ਫਿਰ ਕਿਣਕਿਆਂ ਵਿਚ ਵਾਸ ਵੀ ਹੈ ਜ਼ਿੰਦਗੀ।

ਮਮਤਾ ਮਈ ਲੋਰੀ ਸੁਣੇ ਬਾਹਵਾਂ ਦੇ ਝੂਲੇ ਝੂਲਦੀ,
ਮਾਸੂਮ ਦੀ ਮੁਸਕਾਨ ਵਰਗੀ ਖ਼ਾਸ ਵੀ ਹੈ ਜ਼ਿੰਦਗੀ।

ਜੰਗਲ 'ਚ ਲੱਗੀ ਅੱਗ ਨੂੰ ਪਾਣੀ ਬੁਝਾ ਦੇਂਦੈ ਸਦਾ,
ਜਲ ਤੋਂ ਬੁਝਾਈ ਨਾ ਗਈ ਉਹ ਪਿਆਸ ਵੀ ਹੈ ਜ਼ਿੰਦਗੀ।

ਇਕ ਚਿਣਗ ਦੱਬੀ ਵਾਂਗ ਨਫ਼ਰਤ ਮੱਚ ਉੱਠੇ ਜਿਸ ਘੜੀ,
ਬਣ ਕੇ ਕਿਆਮਤ ਫੇਰ ਕਰਦੀ ਨਾਸ ਵੀ ਹੈ ਜ਼ਿੰਦਗੀ।

ਤੂੰ ਅਲਵਿਦਾ ਨਾ ਆਖ ਮੈਨੂੰ ਜਾਣ ਲੱਗੇ ਦੋਸਤਾ,
ਫਿਰ ਪਰਤ ਕੇ ਵੀ ਆਉਣ ਦਾ ਵਿਸ਼ਵਾਸ ਵੀ ਹੈ ਜ਼ਿੰਦਗੀ।

ਰੋਸ਼ਨ ਮੁਨਾਰੇ ਕਰ ਦਏ ਖ਼ੁਦ ਨੂੰ ਜਲਾ ਕੇ ਦੀਪ ਜਿਉਂ
'ਦਰਸ਼ਨ' ਕਬੂਲੀ ਜੋ ਗਈ ਅਰਦਾਸ ਵੀ ਹੈ ਜ਼ਿੰਦਗੀ।

✪

## ਗ਼ਜ਼ਲ

ਥਾਂ-ਥਾਂ ਪਰਿੰਦੇ ਛੇੜ ਬਹਿੰਦੇ ਸ਼ਿਕਰਿਆਂ ਦੀ ਬਾਤ ਨੂੰ।
ਮਨਫ਼ੀ ਖ਼ੁਦੀ 'ਚੋਂ ਕਰ ਗਏ ਜੋ ਤਰਸ ਦੇ ਜਜ਼ਬਾਤ ਨੂੰ।

ਜੇ ਬੋਟ ਨੂੰ ਮਿਲਣਾ ਨਹੀਂ ਅੰਬਰ ਉਡਾਰੀ ਵਾਸਤੇ,
ਫਿਰ ਕੀ ਕਰੇਗਾ ਸਾਂਭ ਕੇ ਪਰਵਾਜ਼ ਦੀ ਸੌਗਾਤ ਨੂੰ।

ਖ਼ੁਦ ਜਿੱਤ ਹਾਸਿਲ ਕਰ ਸਕੀ ਨਾ ਜ਼ਿੰਦਗੀ ਜੋ 'ਨੇਰ੍ਹ ਤੇ,
ਉਸ ਰਾਤ ਕਾਲੀ ਸਮਝਣਾ ਹੈ ਹਰ ਨਵੀਂ ਪ੍ਰਭਾਤ ਨੂੰ।

ਜਦ ਤੋਂ ਹੈ ਸ਼ਹਿਰੀਕਰਨ ਹੋਇਆ ਜੰਗਲਾਂ ਦੇ ਰਾਜ ਦਾ,
ਮਸਕੀਨ ਬੰਦਾ ਕੋਸ ਰਿਹੈ ਹੁਣ ਜ਼ਾਲਿਮਾਂ ਦੀ ਜਾਤ ਨੂੰ।

ਤੇਰੇ ਦਰਾਂ 'ਤੇ ਸਿਜਦਿਆਂ ਵਿਚ ਜਿਸ ਗੁਜ਼ਾਰੀ ਜ਼ਿੰਦਗੀ,
ਫਿਰ ਕਿਉਂ ਖ਼ਿਮਾ ਕਰਦਾ ਨਹੀਂ ਤੂੰ ਇਕ ਗੁਨਾਹ ਦੀ ਰਾਤ ਨੂੰ।

ਰੱਬ ਦੇ ਦਰਾਂ ਵਿਚ ਆਣ ਗਿਰਦੈ ਨਾ ਉਮੀਦੀ ਵਿਚ ਤਦੋਂ,
ਸਮਝਾ ਗਈ ਜਦ ਬੇਵਸੀ ਉਸ ਬਸ਼ਰ ਦੀ ਔਕਾਤ ਨੂੰ।

ਜੇ ਬੂੰਦ ਰਹਿਮਤ ਦੀ ਖ਼ੁਦਾਇਆ ਸਰ ਸਕੀ ਨਾ ਵਕਤ ਸਿਰ,
'ਦਰਸ਼ਨ' ਕਰੂ ਕੀ ਰਹਿਮਤਾਂ, ਬੇਵਕਤ ਦੀ ਬਰਸਾਤ ਨੂੰ।

## ਗ਼ਜ਼ਲ

ਵਿਕਦਾ ਰਿਹਾ ਈਮਾਨ ਤੇਰੇ ਸ਼ਹਿਰ ਦਾ।
ਪੈਸਾ ਜੁ ਸੀ ਭਗਵਾਨ ਤੇਰੇ ਸ਼ਹਿਰ ਦਾ।

ਬਾਝੋਂ ਦਵਾ ਮਰਦੇ ਗਏ ਬੀਮਾਰ ਜਦ,
ਸੁੱਤਾ ਰਿਹਾ ਲੁਕਮਾਨ ਤੇਰੇ ਸ਼ਹਿਰ ਦਾ।

ਉਤਰੇ ਘਰਾਂ ਵਿਚ ਰੋਸ਼ਨੀ ਕਿਸ ਵਾਸਤੇ,
ਜਦ 'ਨੇਰ੍ਹ ਹੈ ਵਰਦਾਨ ਤੇਰੇ ਸ਼ਹਿਰ ਦਾ।

ਮਿਹਨਤਕਸ਼ਾਂ ਨੂੰ ਮਾਰ ਦੂਹਰੀ ਰੱਬ ਦੀ,
ਮੌਸਮ ਤੇ ਧਨਵਾਨ ਤੇਰੇ ਸ਼ਹਿਰ ਦਾ।

ਕੂੰਜਾਂ ਕਿਵੇਂ ਉੱਡ ਜਾਣ ਨਾ ਕਿਸ ਹੋਰ ਥੇ,
ਸ਼ਿਕਰਾ ਜੁ ਹੈ ਪਰਧਾਨ ਤੇਰੇ ਸ਼ਹਿਰ ਦਾ।

ਇਕ ਦੇਣ ਲੈਣ ਦਾ ਢੱਬ ਬਣਦਾ ਜਾ ਰਿਹੈ,
ਇਹ ਮਾਣ ਤੇ ਸਨਮਾਨ ਤੇਰੇ ਸ਼ਹਿਰ ਦਾ।

ਭੁੱਖਾ ਮਰੇ ਦਿਨ ਰਾਤ ਦਾਤਾ ਅੰਨ ਦਾ,
ਰੱਜਿਆ ਫਿਰੇ ਸ਼ੈਤਾਨ ਤੇਰੇ ਸ਼ਹਿਰ ਦਾ।

ਲੱਖਾਂ ਵਜਾਏ ਟੱਲ ਪਰ ਨਾ ਜਾਗਿਆ,
ਪੱਥਰ ਜੁ ਸੀ ਭਗਵਾਨ ਤੇਰੇ ਸ਼ਹਿਰ ਦਾ।

ਵੱਸੇ ਜੋ ਚੰਦਨ ਮੁੱਢ ਤਿਆਗੇ ਵਿਸ ਕਦੋਂ,
'ਦਰਸ਼ਨ' ਜਿਹਾ ਇਨਸਾਨ ਤੇਰੇ ਸ਼ਹਿਰ ਦਾ।

✪

## ਗ਼ਜ਼ਲ

ਜੇ ਪਰ ਕਟਾਅ ਕੇ ਹੋਂਦ ਆਪਣੀ ਪਿੰਜਰੇ ਵਿਚ ਪਾਲਦੈਂ।
ਕੁਤਰੇ ਪਰਾਂ 'ਚੋਂ ਫਿਰ ਕਿਵੇਂ ਪਰਵਾਜ਼ ਕੋਈ ਭਾਲਦੈਂ।

ਇਕ ਵਾਰ ਡਿੱਗੇ ਆਲ੍ਹਣੇ 'ਚੋਂ ਫੇਰ ਨਾ ਪਰਤਣ ਕਦੇ,
ਦੀਵੇ ਮੁਹੱਬਤ ਦੇ ਕਿਨ੍ਹਾਂ ਦੇ ਰਸਤਿਆਂ ਵਿਚ ਬਾਲਦੈਂ।

ਗ਼ਮ ਦੀ ਚਿਖ਼ਾ 'ਤੇ ਧਰ ਗਿਆ ਸੀ ਆਪਣਾ ਹੀ ਖ਼ੂਨ ਜੇ,
ਫਿਰ ਰਿਸ਼ਤਿਆਂ ਦੀ ਰਾਖ਼ 'ਚੋਂ ਕਿਉਂ ਚਿਣਗ ਕੋਈ ਭਾਲਦੈਂ।

ਸੱਚੀ ਮੁਹੱਬਤ ਦੀ ਤਵੱਕੋਂ ਹੋਰਨਾਂ ਤੋਂ ਕਰ ਰਿਹੈ,
ਖ਼ੁਦ ਦੋਸਤੀ ਦੀ ਹਰ ਕੜੀ ਨੂੰ ਦੁਸ਼ਮਣੀ ਵਿਚ ਢਾਲਦੈਂ।

ਹਾਰੇ ਜੁਆਰੀ ਵਾਂਗ ਬਹਿ ਕੇ ਹੁਣ ਮੁਕੱਦਰ ਕੋਸ ਰਿਹੈਂ,
ਪਾਸਾ ਜਦੋਂ ਤਕਦੀਰ ਦਾ ਤੂੰ ਆਪ ਪੁੱਠਾ ਡਾਲਦੈਂ।

ਬਰਬਾਦ ਕਰਕੇ ਧਰਨਗੇ ਤੂਫ਼ਾਨ ਨਾਲੇ ਜਲਜ਼ਲੇ,
ਜੇ ਰਸਤਿਆਂ ਦੀ ਹਰ ਬਲਾਅ ਨੂੰ ਭਰਮ ਕਹਿ ਕੇ ਟਾਲਦੈਂ

ਹਰ ਕਿਰਨ ਕਾਸਾ ਭਰ ਰਹੀ ਤੇਰੀ ਤਮੰਨਾ ਦਾ ਜਦੋਂ,
ਕਿਉਂ ਰੋਸ਼ਨੀ ਤੋਂ ਮੂੰਹ ਭਵਾ ਕੇ ਜ਼ਿੰਦਗੀ ਨੂੰ ਗਾਲਦੈਂ।

ਤਲਵਾਰ ਦੀ ਜੇ ਧਾਰ ਉੱਤੇ ਚੱਲ ਰਹੀ ਹੈ ਜ਼ਿੰਦਗੀ,
ਰਫ਼ਤਾਰ ਤਿੱਖੀ ਏਸ 'ਚੋਂ ਕਿਉਂ ਫੇਰ ਵੀ ਤੂੰ ਭਾਲਦੈਂ।

ਜਦ ਲਾਖ ਦੇ ਜੰਗਲ ਜਿਹਾ ਸੰਸਾਰ ਬਣਦਾ ਜਾ ਰਿਹੈ,
ਕਿਉਂ ਫੇਰ 'ਦਰਸ਼ਨ' ਮੂਰਖਾਂ ਨੂੰ ਤੀਲ ਏਥੇ ਬਾਲਦੈਂ।

✪

## ਗ਼ਜ਼ਲ

ਜਦ ਭੁੱਲ ਚੁੱਕੇ ਸਾਂ ਬਹਾਰਾਂ ਤੇ ਮਹੀਨਾ ਸਾਉਣ ਦਾ।
ਕਿਉਂ ਭਰਮ ਨਜ਼ਰਾਂ ਨੂੰ ਰਿਹਾ ਫਿਰ ਪਰਤ ਤੇਰੇ ਆਉਣ ਦਾ।

ਇਸ ਪਿੰਜਰੇ 'ਚੋਂ ਦੇਖ ਸਕਦੇ ਸਾਂ ਭਲੇ ਹੀ ਗਗਨ ਨੂੰ,
ਸੁਫ਼ਨਾ ਅਧੂਰਾ ਪਰ ਰਿਹਾ ਲੰਬੀ ਉਡਾਰੀ ਲਾਉਣ ਦਾ।

ਰੁਖ਼ ਮੋੜਦੈ ਤੂਫ਼ਾਨ ਕਦ ਸੁਣ ਕੇ, ਦੁਹਾਈ ਪ੍ਰੇਮ ਦੀ,
ਪੱਕਾ ਇਰਾਦਾ ਧਾਰਦੈ ਜਦ ਮੁਸ਼ਕਿਲਾਂ ਵਿਚ ਪਾਉਣ ਦਾ।

ਉਹ ਛਣਕਣਾ ਧਰਵਾਸ ਦਾ ਕਦ ਤੀਕ ਛਣਕਾਉਂਦੇ ਅਸੀਂ,
ਜੋ ਵਲ ਨਹੀਂ ਸੀ ਜਾਣਦਾ ਇਸ ਰੀਝ ਨੂੰ ਪਰਚਾਉਣ ਦਾ।

ਨਗ਼ਮੇ ਚੁਰਾਉਂਦਾ ਹੀ ਰਿਹਾ ਜੋ ਸੁਰਖ਼ ਹੋਠਾਂ ਤੋਂ ਸਦਾ,
ਕਦ ਸਿੱਖਣੈ ਢੰਗ ਓਸ ਨੇ ਫਿਰ ਗੀਤ ਮਿੱਠੇ ਗਾਉਣ ਦਾ।

ਇਸ ਵਹਿਣ ਨੇ ਵੀ ਸਾਗਰਾਂ ਦੇ ਵਾਂਗ ਬਦਲੀ ਸੋਚ ਹੈ,
ਅਪਣਾ ਲਿਐ ਇਸ ਢੰਗ ਪਿਆਸੇ ਨੂੰ ਉਵੇਂ ਤਰਸਾਉਣ ਦਾ।

ਕਦ ਮੁੱਲ 'ਦਰਸ਼ਨ' ਪਾ ਸਕੇ ਮੋਤੀ ਕਿਤੇ ਤ੍ਰੇਲ ਦਾ,
ਭਾਵੇਂ ਸਲੀਕਾ ਸਿੱਖ ਲਿਆ ਉਸ ਨਜ਼ਰ ਨੂੰ ਭਰਮਾਉਣ ਦਾ।

✪

## ਗ਼ਜ਼ਲ

ਮਹਿਫ਼ਲ 'ਚ ਭਾਵੇਂ ਆਣ ਕੇ ਹਾਸੇ ਲੁਟਾਉਂਦੇ ਹੀ ਰਹੇ।
ਪਰ ਹੰਝ ਪਲਕਾਂ ਹੇਠ ਸਭ ਤੋਂ ਵੀ ਛੁਪਾਉਂਦੇ ਹੀ ਰਹੇ।

ਇਹ ਪੰਧ 'ਨੇਰ੍ਹੇ ਜ਼ਿੰਦਗੀ ਨੂੰ ਠੋਕਰਾਂ ਲਾ ਦੇਣ ਨਾ,
ਖ਼ੁਦ ਨੂੰ ਜਲਾ ਕੇ ਦੀਵਿਆਂ ਜਿਉਂ ਜਗਮਗਾਉਂਦੇ ਹੀ ਰਹੇ।

ਇਕ ਪੀੜ ਗੁੱਝੀ ਸਾਲ੍ਹਦੀ ਸੀ ਧੜਕਣਾਂ ਨੂੰ ਹਰ ਘੜੀ,
ਉਹ ਕਰਜ ਦਿਲ ਦਾ ਜਾਣ ਕੇ ਗਲ ਨੂੰ ਲਗਾਉਂਦੇ ਹੀ ਰਹੇ।

ਬਦਨਾਮ ਕਰ ਜਾਵੇ ਨਾ ਕੋਈ ਫਿਰ ਥਲਾਂ ਦੇ ਨਾਮ ਨੂੰ,
ਪੈਰਾਂ ਦੇ ਛਾਲੇ ਨਜ਼ਰ ਸਭ ਦੀ ਤੋਂ ਬਚਾਉਂਦੇ ਹੀ ਰਹੇ।

ਜੜ ਕੇ ਪੁਸ਼ਾਕ 'ਤੇ ਆਪਣੀ ਸੀਨੇ ਲਗਾ ਲੈ ਦੋਸਤਾ,
ਜੋ ਖੰਭ ਤੇਰੇ ਵਾਸਤੇ ਖ਼ੁਦ ਨੋਚਵਾਉਂਦੇ ਹੀ ਰਹੇ।

ਤੱਤੀ ਤਵੀ 'ਤੇ ਬੈਠ ਕੇ ਭਾਣਾ ਸੀ ਮਿੱਠਾ ਮੰਨਿਆ,
ਅਣਮੋਲ ਪੈੜਾਂ ਪਾਉਣ ਦਾ ਵੀ ਗੁਰ ਸਿਖਾਉਂਦੇ ਹੀ ਰਹੇ।

ਜਦ ਜਿੱਤ ਹਾਸਿਲ ਕਰ ਲਈ ਸੀ ਨਾ ਉਮੀਦੀ ਤੇ ਅਸਾਂ
ਫਿਰ ਪਤਝੜਾਂ ਦੇ ਮੌਸਮਾਂ ਵਿਚ ਫੁੱਲ ਖਿੜਾਉਂਦੇ ਹੀ ਰਹੇ।

ਧੀਦੋ ਨੇ ਮੱਝੀਂ ਚਾਰ ਕੇ ਚੂਰੀ ਕਮਾਈ ਇਸ਼ਕ ਦੀ,
ਤਾਂ ਹੀ ਉਸੇ ਦੇ ਗੀਤ 'ਦਰਸ਼ਨ' ਲੋਕ ਗਾਉਂਦੇ ਹੀ ਰਹੇ।

✪

## .ਗ਼ਜ਼ਲ

ਜਿਸ ਚਾਨਣੇ ਦੀ ਤਾਂਘ ਵਿਚ ਗ਼ਮ ਦਾ ਹਨੇਰਾ ਢੋ ਲਿਆ।
ਉਸ ਦੇਖ ਸਾਡੀ ਝੋਲ ਖਾਲੀ ਬਾਰ ਦਿਲਦਾ ਢੋ ਲਿਆ।

ਬੇਦੀਦ ਹੋਏ ਨੈਣ ਸਾਡੇ ਦੀਦ ਜਿਸਦੀ ਵਾਸਤੇ,
ਜੁਗਨੂੰ ਜਿਹੇ ਨੇ ਉਹ ਉਜਾਲਾ ਖੰਭਾਂ ਹੇਠ ਲੁਕੋ ਲਿਆ।

ਸਾਕਾਰ ਹੋਣਾ ਸੁਫ਼ਨਿਆਂ ਦਾ ਤੈਅ ਨਹੀਂ ਹੈ ਜਦ ਕਿਤੇ,
ਕਿਉਂ ਫਿਰ ਉਡੀਕਾਂ ਵਿਚ ਦਰਾਂ 'ਤੇ ਬੈਠ ਹੰਝੂ ਚੋ ਲਿਆ।

ਉਹ ਲਾਸ਼ ਇਸ਼ਕੇ ਦੀ ਸਦਾ ਸੜਦੀ ਰਹੀ ਸੀ ਘਰ ਤੇਰੇ,
ਜਿਸ ਕੋਲ ਬਹਿ ਕੇ ਤੂੰ ਹਮੇਸ਼ਾ ਦਰਦ ਆਪਣਾ ਰੋ ਲਿਆ।

ਹਰ ਪਲ ਮਿਟਾਈ ਜਾ ਰਹੀ ਜੋ ਹੋਂਦ ਤੇਰੇ ਸਾਮ੍ਹਣੇ,
ਬਲਦੀ ਸ਼ਮ੍ਹਾਂ ਬਾਰੇ ਭਲਾ ਤੂੰ ਕਿਉਂ ਨਾ ਕੁਝ ਵੀ ਬੋਲਿਆ।

ਉਹ ਕਦਮ ਪਹਿਲਾ ਸੀ ਮੁਬਾਰਿਕ ਜਦ ਤੁਰੇ ਸਾਂ ਸਫ਼ਰ 'ਤੇ,
ਹੁਣ ਤਾਂ ਇਕੱਲੇ ਸਫ਼ਰ ਦਾ ਸਾਥੀ ਜ਼ਮਾਨਾ ਹੋ ਲਿਆ।

ਗਮਲਾ ਬਣਾਂ ਜਾਂ ਦੀਵੜਾ ਪਰਵਾਨ ਦਰ 'ਤੇ ਕਰ ਲਵੀਂ,
'ਦਰਸ਼ਨ' ਨਿਮਾਣੀ ਹੋਂਦ ਨੂੰ ਹੈ ਵਾਂਗ ਮਿੱਟੀ ਗੋ ਲਿਆ।

## ਗ਼ਜ਼ਲ

ਚਿੰਤਾ ਦਾ ਮਾਰਾ।
ਹੈ ਭਰੂਣ ਵਿਚਾਰਾ।

ਬੇਦਰਦੀ ਮਾਪੇ,
ਕੀ ਕਰਦੇ ਕਾਰਾ।

ਕੁੱਖਾਂ ਨੇ ਕਬਰਾਂ,
ਤੇ ਪਿਉ ਹਤਿਆਰਾ।

ਕਿਉਂ ਸੀਨੇ ਧਰਿਆ,
ਇਹ ਪਾਪੀ ਆਰਾ।

ਮਾਂ ਜਗਤ ਤਮਾਸ਼ਾ,
ਦੇਖਣ ਦੇ ਸਾਰਾ।

ਇਕ ਲੋਰੀ ਦੇ ਦੇ,
ਕੁਝ ਕਰਕੇ ਚਾਰਾ।

ਕਿਸਮਤ ਦਾ ਟੁੱਟੇ,
ਨਾ ਇੰਜ ਸਿਤਾਰਾ।

ਅਸਥਿਰ ਨੇ ਸੋਚਾਂ,
ਬਣ ਡੋਲਣ ਪਾਰਾ,

ਕਦ ਸਮਝੂ 'ਦਰਸ਼ਨ'
ਇਹ ਜੰਮਣ ਹਾਰਾ।

✪

## ਗ਼ਜ਼ਲ

ਖ਼ਾਮੋਸ਼ ਸੀ ਭਾਵੇਂ ਜ਼ੁਬਾਂ ਪਰ ਨਜ਼ਰ ਹਰ ਪਲ ਬੋਲਦੀ।
ਗੁਜ਼ਰੇ ਪਲਾਂ ਦੀ ਰਾਖ਼ ’ਚੋਂ ਸੀ ਚਿਣਗ ਕੋਈ ਟੋਲਦੀ।

ਉਹ ਵੀ ਸਿਆਹੀ ਮਿਟ ਗਈ ਖ਼ਤ ਤੋਂ ਅਧੂਰੀ ਲਿਖਤ ਦੀ,
ਬੁੱਲਾ ਹਵਾ ਦਾ ਲੰਘਿਆ ਜਦ ਮੂੰਹ ਭਵਾ ਕੇ ਕੋਲ ਦੀ।

ਇਸ ਸੋਚ ਤੇਰੀ ’ਤੇ ਭਰੋਸਾ ਕਰ ਸਕੇ ਕੋਈ ਕਿਵੇਂ,
ਜੋ ਹੀਰਿਆਂ ਨੂੰ ਪੱਥਰਾਂ ਦੇ ਹੈ ਬਰਾਬਰ ਤੋਲਦੀ।

ਹੀਰਾ ਵੀ ਮਿਲਦਾ ਹੈ ਭਲੇ ਹੀ ਕੋਲਿਆਂ ਦੀ ਖਾਨ ’ਚੋਂ,
ਕੀਮਤ ਜ਼ਿਆਦਾ ਪਰ ਪਵੇ ਹੀਰੇ ਜਿਹੇ ਅਣਮੋਲ ਦੀ।

ਮਿੱਟੀ ’ਚ ਡੁੱਲੇ ਜਦ ਕਿਤੇ ਪੁੰਗਰ ਸਕੇ ਉਹ ਬੀਜ ਵੀ,
ਰੇਤੇ ’ਚ ਭੁੱਜਿਆ ਭਰ ਸਕੇ ਨਾ ਆਸ ਖ਼ਾਲੀ ਝੋਲ ਦੀ।

ਹੱਸ ਕੇ ਨਿਭਾਉਂਦੇ ਕਿਸ ਤਰ੍ਹਾਂ ਉਸ ਮੌਤ ਵਰਗੇ ਅਮਲ ਨੂੰ,
ਦਿਲ ਤੋਂ ਮਿਟਾਉਂਦਾ ਹੀ ਗਿਆ ਜੋ ਹਰ ਨਿਸ਼ਾਨੀ ਢੋਲ ਦੀ।

ਯਾਦਾਂ ’ਚ ਲਿਪਟੀ ਮਹਿਕ ਨੂੰ ਦਿਲ ਦੀ ਪਟਾਰੀ ਸਾਂਭਿਆ,
‘ਦਰਸ਼ਨ’ ਜੋ ਮਿਸ਼ਰੀ ਵਾਂਗ ਦਾ ਹਰ ਬੋਲ ਕੰਨੀਂ ਘੋਲਦੀ।

✪

## ਗ਼ਜ਼ਲ

ਦਿਲ ਵਿਚ ਜੋ ਤਸਵੀਰ ਬਣੀ ਹੈ।
ਉਹ ਮੇਰੀ ਤਕਦੀਰ ਬਣੀ ਹੈ।

ਨੈਣਾਂ ਦੇ ਬੇਲੇ ਵਿਚ ਫਿਰਦੀ,
ਰਾਂਝਣ ਦੀ ਉਹ ਹੀਰ ਬਣੀ ਹੈ।

ਦੇਵੇਂ ਜ਼ਹਿਰ ਬਣੇ ਉਹ ਅੰਮ੍ਰਿਤ,
ਜੀਵਨ ਦੀ ਅਕਸੀਰ ਬਣੀ ਹੈ।

ਕਲਮ ਕਰੇਂ ਸਿਰ ਸੀ ਨਾ ਉਚਰਾਂ,
ਕੈਸੀ ਇਹ ਤਦਬੀਰ ਬਣੀ ਹੈ।

ਕਿੰਜ ਭੁਲਾਵਾਂ ਰਹਿਮਤ ਉਸਦੀ,
ਲੱਥੀ ਪੱਤ ਦਾ ਚੀਰ ਬਣੀ ਹੈ।

ਕਾਫ਼ਿਰ ਆਖ ਦਿਲਾ ਨਾ ਉਸਨੂੰ,
ਬੰਦਗੀ ਕਰ ਜੋ ਪੀਰ ਬਣੀ ਹੈ।

ਹੱਸ ਕੇ 'ਦਰਸ਼ਨ' ਦੇਖ ਤਮਾਸ਼ਾ,
ਸੂਰਤ ਕਿਉਂ ਗੰਭੀਰ ਬਣੀ ਹੈ।

✪

## ਗ਼ਜ਼ਲ

ਨਜ਼ਰਾਂ 'ਚ ਮੰਜ਼ਿਲ ਸੀ ਜਦੋਂ ਨਾਲੇ ਬੁਲੰਦ ਵੀ ਹੌਂਸਲੇ।
ਕਿਉਂ ਤੈਅ ਨਾ ਹੋਏ ਫੇਰ ਵੀ ਦੋ ਕਦਮ ਦੇ ਉਹ ਫ਼ਾਸਲੇ।

ਮੰਜ਼ਿਲ ਕਦੋਂ ਸੀ ਅਹਿਮ ਜੋ ਕਰਕੇ ਨਿਚੱਲਾ ਧਰ ਦਏ।
ਬਸ ਅਹਿਮ ਨੇ ਰਸਤੇ ਜਿਨ੍ਹਾਂ 'ਤੇ ਚੱਲਦੇ ਹਨ ਕਾਫ਼ਿਲੇ।

ਖ਼ੁਦ ਰਾਹਜ਼ਨੀ ਵਿਸ਼ਵਾਸ ਦੀ ਰਾਹਬਰ ਜਦੋਂ ਸੀ ਕਰ ਗਿਆ,
ਫਿਰ ਆਸ ਉਸਦੀ 'ਤੇ ਕਿਵੇਂ ਉਮਰਾਂ ਦੇ ਕਰਦੇ ਫ਼ੈਸਲੇ।

ਹਰ ਵਸਲ ਤਾਂ ਜੀਵਨ ਨਹੀਂ ਨਾ ਹਰ ਵਿਛੋੜਾ ਮੌਤ ਹੈ,
ਵਿਛੜੀ ਨਦੀ ਜਿੰਦਾ ਰਹੇ ਮਰ ਜਾਏ ਸਾਗਰ ਵਿਚ ਮਿਲੇ।

ਜੋ ਪਲਕ ਦੇ ਇਕ ਫੋਰ ਅੰਦਰ ਰਾਖ ਕਰਦੈ ਜ਼ਿੰਦਗੀ,
ਫਿਰ ਪਲਰਦਾ ਜੀਵਨ ਕਿਵੇਂ ਬਾਰੂਦ ਦੇ ਸਾਏ ਤਲੇ।

ਤਸਦੀਕ ਕਰਦੀ ਕਿਸ ਤਰ੍ਹਾਂ ਚਕਵੀ ਹਨੇਰੀ ਰਾਤ ਨੂੰ,
ਜਦ ਚੰਨ ਉਸਦੀ ਜ਼ਿੰਦਗੀ, ਕਿਉਂ ਚਾਨਣੀ ਫਿਰ ਰੈਣ ਢਲੇ।

ਸੂਰਜ ਤਲੀ 'ਤੇ ਧਰਨ ਦਾ ਜਦ ਸ਼ੌਂਕ ਖ਼ੁਦ ਹੀ ਪਾਲਦੈਂ,
ਫਿਰ ਤੇਜ਼ ਉਸਦਾ ਜਰਨ ਦੇ ਰੱਖੀਂ ਬਣਾ ਕੇ ਹੌਂਸਲੇ।

ਜਦ ਵਕਤ ਦੀ ਆਗੋਸ਼ ਵਿਚ ਵੀ ਸਿਮਟ ਜਾਊ ਜ਼ਿੰਦਗੀ,
ਧਰਤੀ 'ਤੇ ਚੱਲਣ ਗੇ ਕਿਵੇਂ ਸੰਸਾਰ ਦੇ ਫਿਰ ਸਿਲਸਿਲੇ।

'ਦਰਸ਼ਨ' ਜੇ ਤੁਪਕਾ ਤ੍ਰੇਲ ਦਾ ਮੋਤੀ ਤਰ੍ਹਾਂ ਹੀ ਚਮਕਦੈ,
ਉਹ ਹਾਰ ਬਣ ਸਕਦਾ ਨਹੀਂ ਨਾ ਲੱਗ ਸਕਦਾ ਹੈ ਗਲੇ।

✪

## ਗ਼ਜ਼ਲ

ਉਹ ਅਜਬ ਨਜ਼ਾਰਾ।
ਮਾਣ ਲੈ ਦਿਲਦਾਰਾ।

ਇਕ ਨੂਰ ਇਲਾਹੀ,
ਰੋਸ਼ਨ ਜੱਗ ਸਾਰਾ।

ਖ਼ਾਬਾਂ ਨੂੰ ਮਿਲਿਆ,
ਇਕ ਰੂਪ ਨਿਆਰਾ।

ਦਿਲ ਤੋਂ ਜਿਸ ਲਾਹਿਆ,
ਇਕ ਪੱਥਰ ਭਾਰਾ।

ਕਿਉਂ ਫਿਰ ਵੀ ਡੋਲੇਂ,
ਤੂੰ ਬਣਕੇ ਪਾਰਾ।

ਇਕ ਰੂਹ ਪਿਆਸੀ,
ਤੇ ਸਾਗਰ ਖ਼ਾਰਾ।

ਕੀ ਪਿਆਸ ਬੁਝਾਵੇ,
ਫਿਰ ਕੌਣ ਵਿਚਾਰਾ।

ਛੱਡ 'ਦਰਸ਼ਨ' ਝੋਰੇ,
ਦੇਖ ਜੱਗ ਵਰਤਾਰਾ।

✪

## ਗ਼ਜ਼ਲ

ਹਰ ਕਦਮ ਤੇ ਤੂਫ਼ਾਨ ਭਲੇ ਹੀ ਆਣ ਗ਼ਮ ਦੇ ਜਲਜਲੇ,
ਰੁਕਦੇ ਕਦੋਂ ਨੇ ਫੇਰ ਵੀ ਇਸ ਜ਼ਿੰਦਗੀ ਦੇ ਸਿਲਸਿਲੇ।

ਕੁਚਲੀ ਗਈ ਹਰ ਰੀਝ ਦਿਲ ਦੀ ਬਸ ਬਗ਼ਾਵਤ ਆਖ ਕੇ,
ਪਰਵਾਨ ਚੜ੍ਹਦੇ ਕਿਸ ਤਰ੍ਹਾਂ ਫਿਰ ਹਸਰਤਾਂ ਦੇ ਵਲਵਲੇ।

ਸੂਰਤ ਸੁਨੱਖੀ ਬਣ ਗਈ ਵਸਤੂ ਜਦੋਂ ਬਾਜ਼ਾਰ ਦੀ,
ਫਿਰ ਸੀਰਤਾਂ ਸੰਗ ਮਹਿਕਦੇ ਕਿਉਂ ਜ਼ਿੰਦਗੀ ਦੇ ਵਾਸਲੇ।

ਦੂਰੀ ਬਣਾ ਕੇ ਤੂੰ ਖੜ੍ਹਾ ਸੀ ਸਾਮ੍ਹਣੇ ਕੁਝ ਇਸ ਤਰ੍ਹਾਂ,
ਦੋਨੋਂ ਕਿਨਾਰੇ ਵਹਿਣ ਦੇ ਜਿਉਂ ਰੱਖਦੇ ਹਨ ਫ਼ਾਸਲੇ।

ਹਰ ਕਸਮ ਵਾਅਦਾ ਟੁੱਟਿਆ ਬਸ ਦੋ ਘੜੀ ਵਿਚ ਇਸ ਤਰ੍ਹਾਂ,
ਪਾਣੀ ’ਤੇ ਦੋ ਪਲ ਠਹਿਰ ਕੇ ਜਿਉਂ ਬਿਸਮ ਜਾਵਣ ਬੁਲਬੁਲੇ।

ਮੁੱਠੀ ’ਚ ਤੇਰੀ ਕੈਦ ਸੀ ਤਕਦੀਰ ਦਾ ਹਰ ਫ਼ੈਸਲਾ,
ਪਰ ਜ਼ੁਲਮ ਤੇਰੇ ਤੋੜ ਸਕੇ ਕਦ ਗ਼ੈਰਤਾਂ ਦੇ ਹੌਂਸਲੇ।

‘ਦਰਸ਼ਨ’ ਖ਼ੁਸ਼ੀ ਤੋਂ ਟੁੱਟਿਆ ਕੁਝ ਰਾਬਤਾ ਸੀ ਇਸ ਤਰ੍ਹਾਂ,
ਜਿਉਂ ਮੰਜ਼ਿਲਾਂ ਦੇ ਕੋਲ ਆ ਕੇ ਭਟਕ ਜਾਵਣ ਕਾਫ਼ਿਲੇ।

✪

## ਗ਼ਜ਼ਲ

ਕਿਉਂ ਪੱਤਝੜਾਂ ਨੂੰ ਆਖਦੈਂ ਇਹ ਬਾਰਿਸ਼ਾਂ ਦਾ ਦੌਰ ਹੈ।
ਇਹ ਤਾਂ ਮੁਹੱਬਤ ਦਾ ਨਹੀਂ ਬੱਸ ਰੰਜ਼ਿਸ਼ਾਂ ਦਾ ਦੌਰ ਹੈ।

ਬਾਗ਼ੀ ਸੁਰਾਂ ਨੂੰ ਹਾਸਿਆਂ ਦਾ ਨਾਮ ਦੇਣੋਂ ਬਚ ਜ਼ਰਾ,
ਤੂੰ ਸਿਰ ਉਠਾ ਕੇ ਦੇਖ ਹਰ ਥਾਂ ਸਾਜਿਸ਼ਾਂ ਦਾ ਦੌਰ ਹੈ।

ਸ਼ੀਰੀ ਮੁਹੱਬਤ ਭਾਲ ਨਾ ਹੁਣ ਰਿਸ਼ਤਿਆਂ ਦੇ ਨਾਮ ’ਚੋਂ,
ਸੀਨੇ ’ਚ ਸਭ ਦੇ ਨਫ਼ਰਤਾਂ ਤੇ ਆਤਿਸ਼ਾਂ ਦਾ ਦੌਰ ਹੈ।

ਕਰਕੇ ਖੁਸ਼ਾਮਦ ਪਾ ਲਿਆ ਜਾਂ ਰਿਸ਼ਵਤਾਂ ਦੇ ਜ਼ੋਰ ’ਤੇ,
ਕੀਕਣ ਕਹਾਂ ਮੈਂ ਏਸ ਨੂੰ ਮਿਹਨਤਕਸ਼ਾਂ ਦਾ ਦੌਰ ਹੈ।

ਕਦ ਕਰਨ ਪੂਜਾ ਬੰਦਗੀ ਜਾ ਤੀਰਥਾਂ ਤੇ ਵੀ ਭਲਾ,
ਤੀਰਥ ਬਣੇ ਹਰ ਮੈਕਦੇ ਵਿਚ ਮੈਕਸ਼ਾਂ ਦਾ ਦੌਰ ਹੈ।

ਜੋ ਦੇਵ ਕਹਾਉਂਦੇ ਸਨ ਕਦੇ ਹੁਣ ਖੁੰਦਰਾਂ ਵਿਚ ਛੁੱਪ ਗਏ,
ਲੁੱਟਾਂ ਘਸੁੱਟਾਂ ਕਾਤਿਲਾਂ ਹੁਣ ਰਾਖ਼ਿਸ਼ਾਂ ਦਾ ਦੌਰ ਹੈ।

ਹੁਣ ਸਾਦਗੀ ਸੰਜੀਦਗੀ ਦੀ ਕੌਣ ਲੋਈ ਓੜਦੈ,
ਇਹ ਨਗਨਤਾ ਦਾ ਯੁੱਗ ‘ਦਰਸ਼ਨ’ ਦਿਲਕਸ਼ਾਂ ਦਾ ਦੌਰ ਹੈ।

✪

## ਗ਼ਜ਼ਲ

ਬੇਰੰਗ ਹੋਈ ਜ਼ਿੰਦਗੀ ਵਿਚ ਰੰਗ ਭਰ ਜਾ ਦੋਸਤਾ।
ਸਾਹ ਆਖ਼ਰੀ ਵਿਚ ਜੀਣ ਦੀ ਵੀ ਉਮੰਗ ਭਰ ਜਾ ਦੋਸਤਾ।

ਕੁਮਲਾ ਗਏ ਫੁੱਲਾਂ ਨੂੰ ਫਿਰ ਤੋਂ ਆਸ ਦੇ-ਦੇ ਮਹਿਕ ਦੀ,
ਹਰ ਸੁਰਖ਼ ਚਿਹਰੇ ’ਤੇ ਕੋਈ ਤਾਂ ਸੰਗ ਭਰ ਜਾ ਦੋਸਤਾ।

ਨਾਜ਼ੁਕ ਜਿਹਾ ਇਹ ਕੱਚ ਜੋ ਸੰਗੀਤ ਬਣ ਕੇ ਛਣਕਦੈ,
ਵੀਣੀ ’ਚ ਇਸ ਸੰਗੀਤ ਦੀ ਹਰ ਵੰਗ ਭਰ ਜਾ ਦੋਸਤਾ।

ਜੋ ਬੇਵਸੀ ਦੇ ਨਾਮ ਤੇ ਹੈ ਬੇਵਫ਼ਾਈ ਦੇ ਗਿਆ,
ਉਸ ਸੋਚ ਦੇ ਵਿਚ ਫਿਰ ਵਫ਼ਾ ਦਾ ਰੰਗ ਭਰ ਜਾ ਦੋਸਤਾ।

ਬੰਦੀ ਬਣਾ ਕੇ ਰੱਖ ਲਵੇ ਨਾ ਚਮਨ ਕਿਧਰੇ ਮਹਿਕ ਨੂੰ,
ਮਹਿਕਾਂ ’ਚ ਹਸਤੀ ਆਪਣੀ ਲਈ ਜੰਗ ਭਰ ਜਾ ਦੋਸਤਾ।

ਬਿਰਹਾਂ ’ਚ ਮੋਏ ਬੰਦਿਆਂ ਨੂੰ ਕੁਝ ਸਵਾਸ ਦੇ ਵਸਲ ਦੇ,
ਦਿਲ ਵਿਚ ਪਪੀਹੇ ਵਾਂਗ ਦੀ ਇਕ ਮੰਗ ਭਰ ਜਾ ਦੋਸਤਾ।

‘ਦਰਸ਼ਨ’ ਦਿਲਾਂ ਵਿਚ ਭਰ ਦਈਂ ਇਕ ਗੀਤ ਸੱਚੇ ਪ੍ਰੇਮ ਦੀ,
ਸੀਨੇ ’ਚ ਆਸ਼ਿਕ ਦੇ ਸਦੀਵੀ ਝੰਗ ਭਰ ਜਾ ਦੋਸਤਾ।

## ਗ਼ਜ਼ਲ

ਕੁਝ ਸੁਫ਼ਨਿਆਂ ਦੇ ਸੁਫ਼ਨਿਆਂ ਨੂੰ ਸੀ ਇਵੇਂ ਪਰਚਾ ਲਿਆ।
ਬੁੱਕਲ 'ਚ ਆਪਣੀ ਸਿਰ ਝੁਕਾ ਕੇ ਦੀਦ ਤੇਰਾ ਪਾ ਲਿਆ।

ਕੁਮਲਾ ਰਹੇ ਫੁੱਲਾਂ ਨੂੰ ਅਕਸਰ ਪੌਣ ਵੀ ਆ ਪੁੱਛਦੀ,
ਕਿਸ ਦੇ ਵਿਜੋਗੀ ਬਣ ਤੁਸਾਂ ਇਸ ਰੂਪ ਨੂੰ ਅਪਣਾ ਲਿਆ।

ਓਹਲਾ ਭਲੇ ਹੀ ਰੱਖ ਲਿਆ ਸੀ ਨਾਮ ਤੇਰੇ ਦਾ ਅਸਾਂ,
ਪਰ ਬਾਂਸੁਰੀ ਨੇ ਛੇੜ ਨਗਮਾ ਨਾਮ ਤੇਰਾ ਗਾ ਲਿਆ।

ਕੀਕਣ ਵਿਛੋੜਾ ਭੁੱਲਦੀ ਉਹ ਕੂੰਜ ਵਿਛੜੀ ਡਾਰ ਤੋਂ,
ਇਕ ਰੋਗ ਬਿਰਹਾ ਦਾ ਤਦੇ ਉਸ ਆਪ ਦਿਲ ਨੂੰ ਲਾ ਲਿਆ।

ਇਤਿਹਾਸ ਵਾਂਗੂੰ ਫੋਲ ਨਾ ਵਰਕਾ ਮੋਈ ਤਕਦੀਰ ਦਾ,
ਇਸ ਨੂੰ ਸਮੇਂ ਦੀ ਸਿਉਂਕ ਨੇ ਲੱਗ ਕੇ ਚਿਰੋਕਾ ਖਾ ਲਿਆ।

ਤਿੜਕੇ ਘੜੇ ਵਿਚ ਠਹਿਰਦਾ ਅੰਮ੍ਰਿਤ ਨਾ ਸੁੱਚੀ ਸੋਚ ਦਾ,
ਸੌ ਵਾਰ ਆਪਣੀ ਹੋਂਦ ਨੂੰ ਏਸੇ ਲਈ ਟੁਣਕਾ ਲਿਆ।

ਯਾਦਾਂ 'ਚ 'ਦਰਸ਼ਨ' ਰੁਮਕਿਆ ਝੋਂਕਾ ਆ ਠੰਢੀ ਪੌਣ ਦਾ,
ਇਸ ਤਪ ਰਹੇ ਸਹਿਰਾ ਨੇ ਖਵਨੀ ਉਹ ਕਿਵੇਂ ਭਰਮਾ ਲਿਆ।

✪

## .ਗ਼ਜ਼ਲ

ਕਿਸੇ ਨਿਰਦੋਸ਼ ਨੂੰ ਜਾਪੇ ਕਿਤੇ ਸੂਲੀ ਚੜ੍ਹਾਇਆ ਹੈ।
ਉਸੇ ਦੀ ਆਹ ਦਾ ਧੂੰਆਂ ਚੁਫੇਰੇ ਆਣ ਛਾਇਆ ਹੈ।

ਕਿਸੇ ਦੀ ਹਿੱਕ 'ਚੋਂ ਨਿਕਲੇ ਜਦੋਂ ਹਉਕਾ ਕਿਤੇ ਕੋਈ,
ਤਮਾਸ਼ਾ ਆਖ ਕੇ ਉਸਨੂੰ ਜ਼ਮਾਨੇ ਕਹਿਰ ਢਾਇਆ ਹੈ।

ਦਿਖਾਈ ਦੇ ਨਹੀਂ ਸਕਦਾ ਜਿਵੇਂ ਉਸ ਪਾਰ ਸੂਰਜ ਦੇ,
ਤਿਵੇਂ ਹਰ ਰਾਜ਼ ਵੀ ਸੀਨੇ 'ਚ 'ਨੇਰ੍ਹੇ ਨੇ ਛੁਪਾਇਆ ਹੈ।

ਰਿਹਾ ਸੁੱਕਾ ਕਿਵੇਂ ਫਿਰ ਬਣ ਗਿਆ ਉਹ ਰੇਤ ਦਾ ਸਾਗਰ,
ਦਿਲਾਂ ਦੀ ਹੋਂਦ ਨੂੰ ਕਿਸਨੇ ਕਿਵੇਂ ਏਨਾ ਤਪਾਇਆ ਹੈ।

ਅਜ਼ਾਬਾਂ ਤੋਂ ਕਦੋਂ ਡਰਦੀ ਕਦੇ ਦੀਵਾਨਗੀ ਕਿਧਰੇ,
ਨਿਗਾਹਾਂ ਮਿਲਣ ਦਾ ਕਰਜ਼ਾ ਦਿਲਾਂ ਤਾਂ ਹੀ ਚੁਕਾਇਆ ਹੈ।

ਕਦੇ ਇਕ ਵਾਰ ਜੇ ਮਿਲਣੋਂ ਦਿਖਾਉਂਦੇ ਫੇਰ ਵੀ ਤੈਨੂੰ,
ਦਿਲਾਂ ਦਾ ਤਖ਼ਤ ਤੇਰੇ ਵਾਸਤੇ ਕੀਕਣ ਸਜਾਇਆ ਹੈ।

ਹਲੀਮੀ ਨਾਲ ਪੁੱਛਦੇ ਨੇ ਛੁਰੀ ਵੀ ਧਰ ਗਲੇ 'ਦਰਸ਼ਨ',
ਕਿਵੇਂ ਇਸ ਆਹ ਤੇਰੀ ਨੇ ਹਰਾ ਜੰਗਲ ਜਲਾਇਆ ਹੈ?

✪

## ਗ਼ਜ਼ਲ

ਕੁਝ ਸਾਡੀ ਮਜਬੂਰੀ ਸੀ ਤੇਰੀ ਵੀ ਤਾਂ ਸੀ ਮਜਬੂਰੀ।
ਖੂਹਾਂ ਵਾਂਗੂੰ ਕੋਲ ਕੋਲ ਸਾਂ ਮੇਟ ਸਕੇ ਨਾ ਵਿਚਲੀ ਦੂਰੀ।

ਤੂੰ ਵੀ ਕਦਮ ਵਧਾ ਨਹੀਂ ਸਕਦਾ ਸਾਡੀ ਵੀ ਕੁਝ ਸੀਮਾ ਸੀ,
ਇਕ ਦੂਜੇ ਗਲ ਬਾਹਵਾਂ ਪਾਉਂਦੇ ਰਹਿ ਜਾਣੀ ਰੀਝ ਅਧੂਰੀ।

ਮਹਿਲਾਂ ਤੇ ਕੁੱਲੀ ਵਿਚ ਯਾਰੀ ਕੀਕਣ ਫੇਰ ਨਿਭਾ ਲੈਂਦੇ,
ਦੋਹਾਂ ਵਿਚ ਦਰਬਾਨ ਨੇ ਪਾਈ ਜਦ ਸੈਅ ਕੋਹਾਂ ਦੀ ਦੂਰੀ।

ਖ਼ਾਹਿਸ਼ਾਂ ਪਿੱਛੇ ਦੌੜੀ ਜਾਵੇ ਮਨ ਮੂਰਖ ਦਾ ਹਰਨੋਟਾ,
ਕਿਸ ਸਮਝਾਉਣੈ ਉਸ ਤਨ ਵਿਚ ਵੱਸੇ ਮਹਿਕੇ ਜੋ ਕਸਤੂਰੀ।

ਗਗਨ ਉਡਾਰੀ ਭੁੱਲ ਕੇ ਕੀਕਣ ਮੈਂ ਖ਼ੁਦ ਨੂੰ ਪਿੰਜਰੇ ਪਾਵਾਂ,
ਮਨ ਦਾ ਪੰਛੀ ਤਾਂ ਅੰਬਰ ਲੋਚੇ ਕਿਉਂ ਖਾਵੇ ਘਿਉ ਚੂਰੀ।

ਜਦ ਰਾਤ ਗ਼ਮਾਂ ਦੀ ਬੀਤ ਗਈ ਤਾਂ ਦਿਨ ਵੀ ਸਰਪਰ ਚੜ੍ਹਣੈ,
ਪਰ ਦੋਹਾਂ ਵਿਚ ਸੰਧੀ ਵੇਲੇ ਉਤਰੇ ਇਕ ਭੌਰ ਸੰਧੂਰੀ।

ਜਿਸ 'ਦਰਸ਼ਨ' ਨੇ ਦੂਰੀ ਪਾਈ ਕਿਉਂ ਮਰਦੀ ਨਾ ਮਰ ਜਾਣੀ,
ਸਾਹ ਰਗ ਦੇ ਜੋ ਵੱਸੇ ਨੇੜੇ ਕਿਉਂ ਜਾਪੇ ਕੋਹਾਂ ਦੂਰੀ।

✪

# ਗ਼ਜ਼ਲ

ਜਦ ਖਿੜਣ ਗੇ ਮੁਰਝਾਣ ਗੇ ਚੁੱਪ ਚਾਪ ਕਿਰਦੇ ਰਹਿਣ ਗੇ।
ਕਦ ਤਕ ਸ਼ਗੂਫੇ ਮੌਸਮਾਂ ਦੇ ਜ਼ੁਲਮ ਸਿਰ 'ਤੇ ਸਹਿਣ ਗੇ।

ਬਾਗ਼ੀ ਸੁਰਾਂ ਦੇ ਮੌਸਮਾਂ ਨੂੰ ਅਣਸੁਣੇ ਹੁਣ ਕਰ ਰਿਹੈ,
ਜਿਸ ਦਿਨ ਤੂਫ਼ਾਨ ਉਹ ਬਣ ਗਏ ਉੱਚੇ ਮੁਨਾਰੇ ਢਹਿਣ ਗੇ।

ਸਾਵਣ 'ਚ ਸੁੱਕੇ ਚਮਨ ਜੋ ਫਿਰ ਮਹਿਕ ਸਕਦੈ ਕਿਸ ਤਰਾਂ,
ਜਿਸ ਥਾਂ ਖਿੜੇ ਨਾ ਫੁੱਲ ਓਥੇ ਭੌਰ ਕੀਕਣ ਬਹਿਣ ਗੇ।

ਪਰਵਾਜ਼ ਲੰਬੀ ਭਰਨਗੇ ਨਾ ਗਗਨ ਚੁੰਮਣ ਦੇਣਗੇ,
ਇਹ ਮਾਂਗਵੇਂ ਜੋ ਖੰਭ ਤੇਰੇ ਵਿਚ ਚੁਰਾਹੇ ਲਹਿਣ ਗੇ।

ਉਹ ਸਿਖ਼ਰ ਪਰਬਤ ਦਾ ਉਦੋਂ ਤੱਕ ਖੋਰਦੀ ਜਾਊ ਨਦੀ,
ਜਦ ਤੀਕ ਹੈਂਕੜ ਦੇ ਕਿਨਾਰੇ ਨਾਲ ਉਸਦੇ ਖਹਿਣ ਗੇ।

ਬਿਜਲੀ ਗਿਰਾ ਕੇ ਆਪ ਹੀ ਫਿਰ ਗਿਣ ਰਿਹੈਂ ਤੂੰ ਆਲ੍ਹਣੇ,
ਮਜ਼ਬੂਨ ਤੇਰੇ ਸੁਰਖੀਆਂ ਕਦ ਤੀਕ ਬਣਦੇ ਰਹਿਣ ਗੇ।

'ਦਰਸ਼ਨ' ਦੀ ਡੋਲੀ ਵਿਚ ਜਦੋਂ ਸੱਪਾਂ ਨੇ ਵਰਮੀ ਪਾ ਲਈ,
ਫਿਰ ਰਾਂਗਲੇ ਸੁਫ਼ਨੇ ਹਮੇਸ਼ਾ ਡੰਗ ਜ਼ਹਿਰੀ ਸਹਿਣ ਗੇ।

✪

## ਗ਼ਜ਼ਲ

ਹਰ ਇਕ ਸੀਨੇ ਦੇ ਵਿਚ ਦਿਲ ਹੈ ਦਿਲ ਵਿਚ ਦਰਦ ਹਜ਼ਾਰਾਂ।
ਪਲ ਪਲ ਜ਼ਖ਼ਮੀ ਕਰਨ ਦਿਲਾਂ ਨੂੰ ਜਿਉਂ ਫੁੱਲ ਵਿੰਨਣ ਖ਼ਾਰਾਂ।

ਤੀਰ ਦੁੱਖਾਂ ਦਾ ਪਰਬਤ ਦੇ ਸੀਨੇ ਵਿਚ ਉਤਰਿਆ ਹੋਣੈ,
ਝਰਨੇ ਬਣ ਕੇ ਝਰਨ ਉਸੇ 'ਚੋਂ ਤਾਂਹੀ ਇਹ ਜਲਧਾਰਾਂ।

ਗਹਿਣ ਹਨੇਰੇ ਪਸਰੇ ਜਦ ਤੋਂ ਆ ਕੇ ਚਾਰ ਚੁਫੇਰੇ,
ਛੱਡ ਗਏ ਸਾਥੀ ਰਿਸ਼ਤੇ ਨਾਤੇ ਮੂੰਹ ਭਵਾਇਆ ਯਾਰਾਂ।

ਧੌਲ ਕਹੇ ਨਾ ਭਾਰੇ ਲੱਗਣ ਧਰਤੀ ਪਰਬਤ ਜੰਗਲ,
ਅਕ੍ਰਿਤਘਣਾ ਦਾ ਭਾਰ ਹੈ ਚੋਖਾ 'ਕੱਲਾ ਕਿੰਜ ਸਹਾਰਾਂ।

ਜੀਰ ਲਵੇਗਾ ਸਾਗਰ ਉਸਨੂੰ ਕਿਰਨਾ ਵੀ ਪੀ ਜਾਣਾ,
ਮਿਲ ਸਕਣ ਨਾ 'ਕੱਲੀ ਬੂੰਦ ਨੂੰ ਜੇਕਰ ਵਗਦੀਆਂ ਧਾਰਾਂ।

ਹੀਰੇ ਅੱਜ ਵੀ ਚੂਚਕ ਮੁੱਲਾਂ ਕੈਦੋਂ ਫਿਰਨ ਬਥੇਰੇ,
ਪਾਕ ਮੁਹੱਬਤ ਵੇਚ ਰਹੇ ਜੋ ਆ ਕੇ ਵਿੱਚ ਬਜ਼ਾਰਾਂ।

ਦੁੱਖਾਂ ਕੋਲੋਂ ਡਰ ਕੇ ਐਵੇਂ ਨਾ ਰੂਹ 'ਤੇ ਤਾਲੇ ਲਾਵੀਂ,
ਪਤਝੜ 'ਚੋਂ ਹੀ 'ਦਰਸ਼ਨ' ਦੇਵਣ ਅਕਸਰ ਆਣ ਬਹਾਰਾਂ।

✪

## ਗ਼ਜ਼ਲ

ਵੰਡ ਗਏ ਪੰਜਾਬ ਦੀ ਧਰਤੀ ਮੇਲ ਮਿਲਾਪ ਭਰਾਵਾਂ ਦਾ।
ਕਿਰਨਾਂ 'ਤੇ ਜੋ ਹਰਫ਼ ਲਿਖੇ ਸਨ ਭਰ ਗਏ ਰੁੱਗ ਉਹ ਚਾਵਾਂ ਦਾ।

ਸਾਝਾਂ ਦੀ ਇਕ ਜੋਤ ਜਗਾਈ ਜਿਸ ਥਾਂ ਬਾਬੇ ਨਾਨਕ ਨੇ,
ਉਸ ਧਰਤੀ ਨੂੰ ਦੇ ਗਿਆ ਜ਼ਾਲਿਮ ਤੋਹਫ਼ਾ ਦੋ ਦੋ ਨਾਵਾਂ ਦਾ।

ਨਫ਼ਰਤ ਦੀ ਅਗਨੀ ਸੁਲਗਾਏ ਪਿੱਪਲ ਪੀਂਘਾਂ ਵਾਲੇ ਜੋ,
ਉਹ ਕਰਦੇ ਕੀਕਣ ਵਾਅਦਾ ਫਿਰ ਵੀ ਠੰਡੀਆਂ ਛਾਵਾਂ ਦਾ।

ਮੋਹ ਮਮਤਾ ਵੀ ਦਸਤਕ ਦੇਂਦੇ ਕਿਉਂ ਪੱਥਰ ਦਿਲ ਦੇ ਉੱਤੇ,
ਮਰਮ ਵਿਹੂਣੇ ਕਦ ਜਾਨਣ ਗੇ ਕੋਈ ਮੁੱਲ ਇਛਾਵਾਂ ਦਾ।

ਲਾਲਚ ਦੀ ਅਗਨੀ ਵਿਚ ਸਾੜ ਗਏ ਰੁੱਖ ਸਾਝਾਂ ਦੇ ਭਾਰੀ,
ਭਾਵੇਂ ਵਾਅਦਾ ਸੀ ਉਹਨਾਂ ਦਾ ਸਭ ਨੂੰ ਠੰਢੀਆਂ ਛਾਵਾਂ ਦਾ।

ਕੁੱਖ ਨੂੰ ਧੀ ਦੀ ਕਬਰ ਬਣਾ ਕੇ ਪੁੱਤ ਜਣੇ ਜੋ ਮਾਵਾਂ ਨੇ,
ਉਨ੍ਹਾਂ ਪੁੱਤਾਂ ਹੀ ਖਾਰਿਜ ਕੀਤੈ ਬਣਦਾ ਹੱਕ ਵੀ ਮਾਵਾਂ ਦਾ।

ਹਿਜਰਾਂ ਦੀ ਇਕ ਪੀਂਘ ਦੇ ਉੱਤੇ ਚੀਸ ਹੁਲਾਰੇ ਲੈਂਦੀ ਜੋ,
ਨਿੱਤ ਪੁੱਛੇ ਸਿਰਨਾਵਾਂ ਉਹ ਤਾਂ ਗੁੰਮ ਗਏ ਕੁਝ ਨਾਵਾਂ ਦਾ।

ਲੱਖ ਤੂਫ਼ਾਨ ਗੁਜ਼ਾਰੇ ਸਿਰ 'ਤੋਂ ਫਿਰ ਵੀ ਨਿੰਮੋ ਝੂਣੀ ਕਿਉਂ,
ਤੂੰ ਉੱਠ 'ਦਰਸ਼ਨ' ਰੁਖ਼ ਮੋੜ ਲੈ ਬਿਫ਼ਰੀਆਂ ਘੋਰ ਘਟਾਵਾਂ ਦਾ।

✪

## ਗ਼ਜ਼ਲ

ਕਰਕੇ ਮੁਹੱਬਤ ਡਰ ਰਿਹੈਂ ਇਜ਼ਹਾਰ ਉਸਦਾ ਕਰਨ ਤੋਂ।
ਇਕ ਦੂਸਰੇ ਲਈ ਜੀਣ ਤੋਂ ਇਕ ਦੂਸਰੇ ਲਈ ਮਰਨ ਤੋਂ।

ਇਕ ਡੋਰ ਇਹ ਵਿਸ਼ਵਾਸ ਦੀ ਅਣਮੋਲ ਹੈ ਜੀਵਨ ਲਈ,
ਮੂੰਹ ਮੋੜਦੈਂ ਕਿਉਂ ਫੇਰ ਵੀ ਦਾਮਨ ਖ਼ੁਸ਼ੀ ਦਾ ਭਰਨ ਤੋਂ।

ਇਹ ਪਰਬਤਾਂ ਦੀ ਹਿੱਕ ਅੰਦਰ ਰਚ ਗਿਆ ਉਹ ਨੀਰ ਹੈ,
ਕਿਉਂ ਵਰਜਦੈਂ ਫਿਰ ਏਸ ਨੂੰ ਖ਼ੁਦ ਵਾਂਗ ਝਰਨੇ ਝਰਨ ਤੋਂ।

ਜੀਵਨ ਸਗੂਫ਼ਾ ਤੋੜ ਕੇ ਸੁੱਟ ਜਾਣ 'ਵਾਵਾਂ ਹੀ ਮਤਾ,
ਮੋੜੀ ਹਵਾਵਾਂ ਨੂੰ ਸਦਾ ਮਹਿਕਾਂ ਕੁਥਾਂਏ ਧਰਨ ਤੋਂ।

ਉਸ ਇਸ਼ਕ ਦੀ ਜੋ ਨਜ਼ਰ ਪਹਿਲੀ ਚਿਣਗ ਸੀਨੇ ਧਰ ਗਈ,
'ਦਰਸ਼ਨ' ਬਚਾਵੀਂ ਬੁਝਣ ਤੋਂ ਤੇ ਸੇਕ ਉਸਦਾ ਠਰਨ ਤੋਂ।

✪

## ਗ਼ਜ਼ਲ

ਫੁੱਲਾਂ 'ਚ ਵਸੇਂ ਮਹਿਕ ਬਣ ਗੁਲਜ਼ਾਰ ਵੀ ਹੈਂ ਜ਼ਿੰਦਗੀ।
ਤੂੰ ਆਪ ਭਵਰਾ ਤੂੰ ਕਲੀ ਤੂੰ ਖ਼ਾਰ ਵੀ ਹੈਂ ਜ਼ਿੰਦਗੀ।

ਬਣ ਕੇ ਹਰਾਰਤ ਖ਼ੂਨ ਦੀ ਜਾਂ ਧੜਕਣਾ ਵਿਚ ਦੌੜਦੀ,
ਫਿਰ ਜ਼ਿੰਦਗੀ ਦੇ ਜੀਣ ਦਾ ਇਕਰਾਰ ਵੀ ਹੈਂ ਜ਼ਿੰਦਗੀ।

ਸਭ ਦਾ ਮਸੀਹਾ ਜਦ ਬਣੇਂ ਫਿਰ ਦੁੱਖ ਹਰਦੀ ਤੂੰ ਫਿਰੇਂ,
ਤੂੰ ਹੀ ਦਵਾ ਤੂੰ ਹੀ ਦੁਆ ਦਾ ਸਾਰ ਵੀ ਹੈਂ ਜ਼ਿੰਦਗੀ।

ਵਿਕ ਕੇ ਮੁਹੱਬਤ ਵਾਸਤੇ ਪਾਵੇਂ ਗੁਲਾਮੀ ਦੀ ਕੜੀ,
ਹੋਈ ਕਿਤੇ ਤੂੰ ਇਸ਼ਕ ਵਿਚ ਸੰਗਸਾਰ ਵੀ ਹੈਂ ਜ਼ਿੰਦਗੀ।

ਵੰਗਾਰਦੈ ਗ਼ੈਰਤ ਜਦੋਂ ਤੂਫ਼ਾਨ ਕੋਈ ਆਣ ਕੇ,
ਰੁਖ਼ ਓਸ ਦਾ ਮੋੜਨ ਲਈ ਵੰਗਾਰ ਵੀ ਹੈਂ ਜ਼ਿੰਦਗੀ।

ਜੰਨਤ ਹੈ ਤੇਰੀ ਗੋਦ ਜੇ ਦੋਜ਼ਖ਼ ਵੀ ਤੇਰੇ ਨਾਲ ਹੈ,
ਤੂੰ ਹੀ ਖ਼ੁਦਾ ਦੇ ਵਾਂਗ ਦਾ ਕਿਰਦਾਰ ਵੀ ਹੈਂ ਜ਼ਿੰਦਗੀ।

ਹਰ ਜਨਮ ਤੋਂ ਲੈ ਮੌਤ ਤੱਕ ਦੇ ਸਫ਼ਰ ਦੀ ਤੂੰ ਦਾਸਤਾਂ,
ਤੂੰ ਅੰਸ਼ ਹੈ ਬ੍ਰਹਿਮੰਡ ਦਾ ਤੂੰ ਸਾਰ ਵੀ ਹੈਂ ਜ਼ਿੰਦਗੀ।

ਸਿਜਦਾ ਕਰਾਂ ਮੈਂ ਹਰ ਘੜੀ ਐ ਪਾਕ ਦਾਮਨ ਧਾਰਨੀ,
ਕਰਤਾਰ ਦਾ 'ਦਰਸ਼ਨ' ਹੈਂ ਤੂੰ ਉਪਕਾਰ ਵੀ ਹੈਂ ਜ਼ਿੰਦਗੀ।

## .ਗ਼ਜ਼ਲ

ਵੰਡਣਗੇ ਕਿਸਨੂੰ ਰੋਸ਼ਨੀ ਤੇ ਜਗਮਗਾਉਂਦੇ ਰਹਿਣ ਗੇ।
ਜਦ ਆਰਤੀ ਦੇ ਦੀਪ ਹੀ ਘਰ ਨੂੰ ਜਲਾਉਂਦੇ ਰਹਿਣ ਗੇ।

ਤੂੰਬੀ ਤਰ੍ਹਾਂ ਨਾ ਮੈਲ ਲੱਥੀ ਨਾ ਗਵਾਈ ਕੌੜ ਵੀ,
ਕਿਸੇ ਅਰਥ ਲੋਕੀਂ ਤੀਰਥਾਂ 'ਤੇ ਜੇ ਨਹਾਉਂਦੇ ਰਹਿਣ ਗੇ।

ਰੱਬ ਤੀਰਥਾਂ ਤੇ ਵੱਸਦਾ ਨਾ ਸੱਤਵੇਂ ਅਸਮਾਨ ਤੇ,
ਕਣ-ਕਣ ਸਮਾਈ ਜੋਤ ਕਿਉਂ ਖੰਦਰਾਂ 'ਚੋਂ ਪਾਉਂਦੇ ਰਹਿਣ ਗੇ।

ਰੰਗਾਂ ਦੀ ਹੋਲੀ ਵਾਂਗ ਜੋ ਖੇਲ੍ਹਣ ਗੇ ਹੋਲੀ ਖ਼ੂਨ ਦੀ,
ਕਦ ਤੀਕ ਆਪਣੀ ਹੋਂਦ ਵੀ ਫਿਰ ਉਹ ਬਚਾਉਂਦੇ ਰਹਿਣਗੇ।

ਕਿਸ 'ਤੇ ਭਰੋਸਾ ਕਰਨ ਦਾ ਫਿਰ ਕਰ ਸਕਾਂਗੇ ਹੌਂਸਲਾ,
ਜਦ ਆਪਣੇ ਹੀ ਹਰ ਘੜੀ ਨਜ਼ਰਾਂ ਚੁਰਾਉਂਦੇ ਰਹਿਣ ਗੇ।

ਕਿਉਂ ਸਮਝਦੈਂ ਉਹ ਬੰਦਗੀ ਵਿਚ ਸਿਰ ਝੁਕਾਉਂਦੇ ਨੇ ਸਦਾ,
ਜਦ ਕੇ ਸ਼ਿਕਾਰੀ ਵੀ ਇਵੇਂ ਹੀ ਸਿਰ ਝੁਕਾਉਂਦੇ ਰਹਿਣ ਗੇ।

ਚਿੱਕੜ 'ਚ ਵੀ ਨਿਰਲੇਪ ਰਹਿ ਕੇ ਕਮਲ ਖਿੜਦੈ ਜਿਸ ਤਰ੍ਹਾਂ,
'ਦਰਸ਼ਨ' ਵੀ ਦੁੱਖਾਂ ਵਿਚ ਇਵੇਂ ਹੀ ਮੁਸਕਰਾਉਂਦੇ ਰਹਿਣ ਗੇ।

✪

## ਗ਼ਜ਼ਲ

ਤੁਰ ਜਾਣਗੇ ਮਹਿਮਾਨ ਆਖ਼ਿਰ ਅੱਜ ਨਹੀਂ ਤਾਂ ਭਲਕ ਨੂੰ।
ਦੇ ਜਾਣਗੇ ਸਾਵਣ ਜਿਹਾ ਫਿਰ ਇਸ ਨਿਮਾਣੀ ਪਲਕ ਨੂੰ।

ਉਤਰੇਗੀ ਕਾਲੀ ਰਾਤ ਜਦ ਲੈ ਤਾਰਿਆਂ ਦੇ ਛੱਜ ਵੀ,
ਗਿਣਦੇ ਰਹਾਂਗੇ ਬੈਠ ਤਾਰੇ ਝਾਕਦੇ ਉਸ ਫ਼ਲਕ ਨੂੰ।

ਕਾਸਦ ਹਵਾਵਾਂ ਨੂੰ ਬਣਾ ਕੇ ਖ਼ਤ ਜੋ ਘੱਲੇ ਸਨ ਅਸਾਂ,
ਉਹ ਹੀ ਬਿਆਂ ਕਰ ਦੇਣਗੇ ਫਿਰ ਮਿਲਣ ਦੀ ਇਸ ਲਲਕ ਨੂੰ।

ਸੌ ਵਾਰ ਮਰ ਕੇ ਜੀ ਲਿਆ ਹਰ ਪਲ ਵਿਜੋਗੀ ਬਣ ਅਸਾਂ,
ਕੰਡਾ ਉਡੀਕਾਂ ਦਾ ਸਦਾ ਜੋ ਵਿੰਨਦਾ ਸੀ ਹਲਕ ਨੂੰ।

ਇਕ ਰੋਗ ਉਮਰਾਂ ਦਾ ਬਣੀ ਤੇਰੀ ਜੁਦਾਈ ਦੋਸਤਾ,
ਹੁਣ ਤਰਸ ਕੇ ਮਰ ਜਾਣਗੇ ਇਹ ਨੈਣ ਤੇਰੀ ਝਲਕ ਨੂੰ।

ਸੌ ਪਰਦਿਆਂ ਵਿਚ ਇਸ਼ਕ ਨੂੰ ਕੀਕਣ ਛੁਪਾਉਂਦੇ ਜੱਗ ਤੋਂ,
ਧੂੰਏਂ ਤਰ੍ਹਾਂ ਖ਼ੁਦ ਨਸ਼ਰ ਹੋ ਕੇ, ਦੱਸ ਗਿਆ ਜੋ ਖਲਕ ਨੂੰ।

'ਦਰਸ਼ਨ' ਜਗਾ ਕੇ ਦੀਪ ਆਸਾਂ ਦੇ ਦਰਾਂ ਤੇ ਧਰ ਲਏ,
ਦੇਖੀਂ ਮਤਾਂ ਬੁਝ ਜਾਣ ਤੇਰੀ ਵਾਪਸੀ ਦੇ ਤਲਕ ਨੂੰ।

✪

## ਗ਼ਜ਼ਲ

ਹੱਕ ਸੱਚੇ ਇਸ਼ਕ ਦਾ ਕੋਈ ਅਦਾ ਕਰਦਾ ਨਹੀਂ।
ਕਿਉਂ ਮੁਹੱਬਤ ਦੇ ਸਿਰਾਂ ਨੂੰ ਤਾਜ ਵੀ ਸਰਦਾ ਨਹੀਂ।

ਪੀੜ ਤਾਂ ਦਿਲ ਵਿਚ ਦਬਾਈ ਫਿਰ ਰਿਹੈ ਕੋਈ ਕਿਤੇ,
ਹੰਝ ਐਵੇਂ ਤਾਂ ਕਿਤੇ ਐਸੀ ਖ਼ਤਾ ਕਰਦਾ ਨਹੀਂ।

ਰਾਤ ਦੇ ਪੋਣੇ 'ਚ ਬੱਝੀ ਤਾਰਿਆਂ ਦੀ ਲੱਪ ਨੂੰ,
ਧਰਤ ਦੇ ਮੱਥੇ 'ਤੇ ਟਿੱਕੇ ਵਾਂਗ ਕਿਉਂ ਧਰਦਾ ਨਹੀਂ।

ਗੱਜ ਲੈ ਜਾ ਵੱਸ ਲੈ ਜਾਂ ਝੁੱਲ 'ਨੇਰੀ ਵਾਂਗਰਾਂ,
ਕੱਚਿਆਂ ਤੇ ਠਿੱਲਣੋਂ ਮਹਿਬੂਬ ਤਾਂ ਡਰਦਾ ਨਹੀਂ।

ਆਖ ਦੇ ਤੂਫ਼ਾਨ ਨੂੰ ਤੂੰ ਠਹਿਰ ਕੇ ਆਵੀਂ ਜ਼ਰਾ,
ਆਸ ਸੋਹਣੀ ਦਾ ਘੜਾ ਹਰ ਵਾਰ ਤਾਂ ਖਰਦਾ ਨਹੀਂ।

ਕੋਲ ਆਈ ਹਰ ਨਦੀ ਨੂੰ ਡੀਕਦਾ ਸਾਗਰ ਫਿਰੇ,
ਕਤਲ ਕਰਨੋਂ ਏਸ ਦਾ ਦਿਲ ਕਿਉਂ ਕਦੇ ਭਰਦਾ ਨਹੀਂ।

ਝੋਲ ਭਰਕੇ ਤੋੜ ਦੇਵਾਂਗੇ ਸਿਤਾਰੇ ਅੰਬਰੋਂ,
ਆਸ਼ਕਾਂ ਨੂੰ ਲਾਰਿਆਂ ਬਿਨ ਹੋਰ ਕੁਝ ਸਰਦਾ ਨਹੀਂ।

ਫੁੱਲ ਦੀ ਕਿਸਮਤ ਹੈ ਭਾਵੇਂ ਕੰਡਿਆਂ ਦੀ ਸੇਜ ਹੀ,
ਮਹਿਕ ਦਾ ਜਜ਼ਬਾ ਕਦੇ ਪਰ ਓਸ ਦਾ ਮਰਦਾ ਨਹੀਂ।

ਰਾਤ ਕਾਲੀ ਦੇਖ 'ਦਰਸ਼ਨ' ਠਹਿਰ ਜਾਵੇਂ ਤੂੰ ਮਤਾਂ,
ਵਕਤ ਸਰਘੀ ਦਾ ਕਿਸੇ ਵੀ ਖ਼ੌਫ਼ ਤੋਂ ਡਰਦਾ ਨਹੀਂ।

✪

## .ਗ਼ਜ਼ਲ

ਨਾ ਗੁਰਬਤਾਂ ਨੇ ਮਾਰਿਆ ਨਾ ਮੁਸ਼ਕਿਲਾਂ ਨੇ ਮਾਰਿਆ।
ਫਿਰ ਜ਼ਿੰਦਗੀ ਨੂੰ ਕਿਉਂ ਮੁਹੱਬਤ ਦੇ ਪਲਾਂ ਨੇ ਮਾਰਿਆ।

ਕੀ ਦੋਸ਼ ਡਾਚੀ ਦਾ ਨਸੀਬਾ ਵਿਗੜਿਆ ਸੀ ਆਪਣਾ,
ਤਾਂ ਹੀ ਨਿਮਾਣੇ ਇਸ਼ਕ ਨੂੰ ਪਿਆਸੇ ਥਲਾਂ ਨੇ ਮਾਰਿਆ।

ਤੂਫ਼ਾਨ 'ਚੋਂ ਤਾਂ ਬਚ ਗਿਆ ਭਾਵੇਂ ਖ਼ੁਦਾ ਦੇ ਨਾਮ 'ਤੇ,
ਫਿਰ ਕਿਉਂ ਮੁਸਾਫ਼ਿਰ ਨੂੰ ਭਲਾ ਸੀ ਮੰਜ਼ਿਲਾਂ ਨੇ ਮਾਰਿਆ।

ਭਾਵੇਂ ਹਕੀਕਤ ਤਲਖ਼ ਸੀ ਫਿਰ ਵੀ ਬੁਲੰਦ ਸੀ ਹੌਂਸਲਾ,
ਕਿਉਂ ਜਿੱਤ ਦੇ ਅਹਿਸਾਸ ਨੂੰ ਫਿਰ ਬੁਜ਼ਦਿਲਾਂ ਨੇ ਮਾਰਿਆ।

ਵੀਰਾਨ ਹੋਣੋ ਬਚ ਗਿਆ ਜੋ ਪੱਤਝੜਾਂ ਦੀ ਮਾਰ 'ਚੋਂ,
ਉਸ ਚਮਨ ਨੂੰ 'ਦਰਸ਼ਨ' ਜਿਹੇ ਕੁਝ ਕਾਮਲਾਂ ਨੇ ਮਾਰਿਆ।

✪

## .ਗ਼ਜ਼ਲ

ਸਾਹਾਂ ਦੀ ਕਸਤੂਰੀ ‘ਵੇਲਾ’ ਹਰ ਵੇਲੇ ਹੀ ਚਰਦਾ ਹੈ।
ਪੇਟ ਸਮੇਂ ਦਾ ਫਿਰ ਵੀ ਖਾਲੀ ਨਾ ਭਰਿਆ ਨਾ ਭਰਦਾ ਹੈ।

ਕੱਚੀ ਪੱਕੀ ਲਾਵੀ ਵੱਢੇ ਉਮਰਾਂ ਦੀ ਕਦ ਗੌਰ ਕਰੇ,
ਇਕੋ ਵਾਢੇ ਵੱਢੀ ਜਾਵੇ ਜਦ ਵੀ ਦਾਤੀ ਧਰਦਾ ਹੈ।

ਮਿੱਟੀ ਪੈਦਾ ਕਰਦੀ ਮਿੱਟੀ ਆਖ਼ਿਰ ਨੂੰ ਹੋ ਜਾਂਦੀ ਮਿੱਟੀ,
ਫਿਰ ਵੀ ਮਿੱਟੀ ਸੰਚੇ ਮਿੱਟੀ ਜਿਸ ਬਾਝੋਂ ਨਾ ਸਰਦਾ ਹੈ।

ਮਰ ਨਾ ਜਾਵਣ ਦਰਿਆ ਪਿਆਸੇ ਬਿਨ ਬਾਰਿਸ਼ ਦੇ ਪਾਣੀ ਦੇ,
ਚੀਰ ਕੇ ਪਰਬਤ ਦਾ ਫਿਰ ਸੀਨਾ ਤਾਂ ਹੀ ਝਰਨਾ ਝਰਦਾ ਹੈ।

ਕਠਪੁਤਲੀ ਦੇ ਵਾਂਗ ਨਚਾਵੇ ਦੇਖੇ ਜੱਗ ਤਮਾਸ਼ਾ ਵੀ,
ਫਿਰ ਵੀ ਸਮਝੇ ਨਿਸਦਿਨ ਬੰਦਾ ਵਕਤ ਉਸੇ ਦਾ ਬਰਦਾ ਹੈ।

ਖੰਭਾਂ ਹੇਠ ਲੁਕੋ ਨਹੀਂ ਸਕਦਾ ਨੰਗ ਨਿਮਾਣੀ ਗੁਰਬਤ ਦਾ,
ਵਾਂਗ ਉਜਾਲੇ ਪਾਜ ਉਘਾੜੇ ਜਿਸ 'ਤੇ 'ਨੇਰ 'ਚ ਪਰਦਾ ਹੈ।

ਬੇ ਆਵਾਜ਼ ਹੈ ਲਾਠੀ ਰੱਬ ਦੀ ਕਦ ਉਲਰੇ ਕਦ ਆਣ ਪਵੇ,
ਇਸ ਦੀ ਮਾਰ ਦੇ ਗੁੱਝੇ ਡੰਡੇ ਬੰਦਾ ਰੋ ਰੋ ਜਰਦਾ ਹੈ।

ਵਕਤ ਬਣਾਵੇ ਵਕਤ ਮਿਟਾਵੇ ਵਕਤ ਹੈ ਡਾਢਾ ਬਲਸ਼ਾਲੀ,
ਇਸ ਦੇ ਅੱਗੇ ਹਰ ਇਕ ਬੰਦਾ ਡਰਦਾ ਹਰ ਹਰ ਕਰਦਾ ਹੈ।

ਜਦ ਵੀ ਜ਼ਖ਼ਮ ਹੈ ਦੇਂਦਾ 'ਦਰਸ਼ਨ' ਮਲ੍ਹਮ ਲਗਾਵੇ ਆਪੇ ਹੀ,
ਪੂਰ ਦਏ ਹਰ ਦਿਲ ਦਾ ਖੱਪਾ ਸਿਰ 'ਤੇ ਹੱਥ ਜਾਂ ਧਰਦਾ ਹੈ।

✪

## ਗ਼ਜ਼ਲ

ਪਰਹੀਨ ਪੰਛੀ ਨੂੰ ਖ਼ੁਦਾਇਆ 'ਪਰ' ਸਣੇ ਪਰਵਾਜ਼ ਦੇ।
ਉਸ ਨੂੰ ਉਚਾਈਆਂ ਛੂਹਣ ਦਾ ਇਕ ਵਾਰ ਤਾਂ ਅੰਦਾਜ਼ ਦੇ।

ਦਮ ਤੋੜਦੇ ਹਨ ਜਾਂ ਰਹੇ ਜੋ ਖ਼ਾਬ ਸੁੱਤੀ ਪਲਕ 'ਚੋਂ,
ਹੁਣ ਜਾਗਦੇ ਨੈਣਾ 'ਚ ਸੁਫ਼ਨੇ ਕੁਝ ਤਾਂ ਉਮਰਦਰਾਜ਼ ਦੇ।

ਗ਼ਮ ਦੀ ਹਨੇਰੀ ਰਾਤ ਵਿਚ ਉਤਰੇ ਕਿਤੋਂ ਆ ਚਾਨਣੀ,
ਇਸ ਜ਼ਿੰਦਗੀ ਲਈ ਸੁਰਖ ਸੂਹੀ ਭੋਰ ਦਾ ਆਗਾਜ਼ ਦੇ।

ਹੁਣ ਟੁਕੜਿਆਂ ਵਿਚ ਪਰਖਦੇ ਨੇ ਲੋਕ ਦਿਲ ਦੀ ਹੋਂਦ ਨੂੰ,
ਸਾਲਮ ਸਬੂਤੀ ਹੋਂਦ ਦੇ ਦੋ ਪਲ ਗ਼ਰੀਬ ਨਿਵਾਜ਼ ਦੇ।

ਲਿਪਟੀ ਰਹੇ ਵਿਸ਼ਵਾਸ ਵਿਚ ਪੂੰਜੀ ਮੁਹੱਬਤ ਦੀ ਸਦਾ,
ਲਾ ਦੇਣ ਨਾ ਖੋਰਾ ਕਿਤੇ ਲਮਹੇ ਕਿਸੇ ਇਤਰਾਜ਼ ਦੇ।

ਇਕ ਲੀਕ ਧਰਤੀ ਵੰਡ ਗਈ ਪਰ ਦਿਲ ਨਾ ਵੰਡੇ ਜਾ ਸਕੇ,
ਹੁਣ ਤੀਕ ਵੀ ਹਨ ਗੂੰਜਦੇ ਸੁਰ ਸਾਂਝ ਦੀ ਆਵਾਜ਼ ਦੇ।

ਥਿਰਕੇਗੀ ਝਾਂਜਰ ਪ੍ਰੇਮ ਦੀ ਫਿਰ ਅੰਗ ਤੇਰੇ ਲੱਗ ਕੇ,
'ਦਰਸ਼ਨ' ਦਿਖਾਵੇ ਵਾਲੜੇ ਨਾ ਘੁੰਗਰੂ ਨਾ ਸਾਜ਼ ਦੇ।

## ਗ਼ਜ਼ਲ

ਦਿਲ ਦਾ ਸ਼ਗੂਫ਼ਾ ਤੋੜ ਕੇ ਕੋਈ ਤਲੀ 'ਤੇ ਧਰ ਗਿਆ।
ਇਹ ਜਿਸਮ ਤਾਂ ਜ਼ਿੰਦਾ ਰਿਹਾ ਪਰ ਰੂਹ ਦਾ ਜਿਉਣਾ ਮਰ ਗਿਆ।

ਧੜਕਣ ਕਸੀਦ ਕੇ ਕੋਲ ਕੋਈ ਸੱਜਣ ਜਦੋਂ ਸੀ ਲੰਘਿਆ,
ਭਰਿਆ ਕਟੋਰਾ ਸਬਰ ਦਾ ਖ਼ਾਲੀ ਉਸੇ ਪਲ ਕਰ ਗਿਆ।

ਕਿਰਚਾਂ ਬਣੇ ਕੁਝ ਸੁਫ਼ਨਿਆਂ ਪਲਕਾਂ 'ਚ ਡੇਰੇ ਲਾ ਲਏ,
ਜਜ਼ਬਾ ਜਦੋਂ ਇਸ ਜ਼ਿੰਦਗੀ ਨੂੰ ਜੀਣ ਦਾ ਸੀ ਹਰ ਗਿਆ।

ਲੰਘੇ ਹੁਨਾਲਾਂ ਵਾਂਗ ਹੀ ਆਪਣੇ ਸਿਆਲ ਵੀ ਆਣ ਕੇ,
ਭੱਠੀ ਉਡੀਕਾਂ ਦੀ ਤਪਾ ਕੇ ਦੂਰ ਜਾਂ ਦਿਲਬਰ ਗਿਆ।

ਦੀਵਾਨਗੀ ਦੀ ਹੱਦ ਨੂੰ ਜਦ ਪਾਰ ਕਰਨਾ ਲੋਚਿਆ,
ਸੂਰਜ ਸਮੇਂ ਦਾ ਉਸ ਘੜੀ ਫਿਰ ਜਾਪਦਾ ਸੀ ਠਰ ਗਿਆ।

ਕਦ ਰੰਗ ਚਾੜ੍ਹ ਸਕੇ ਲਲਾਰੀ ਓਸ ਦਿਲ ਦੀ ਕੋਰ ’ਤੇ,
ਜੋ ਵਕਤ ਦੀ ਹਰ ਮਾਰ ਨੂੰ ਬੇਰੰਗ ਰਹਿ ਕੇ ਜਰ ਗਿਆ।

ਸ਼ਿਕਵਾ ਕਿਵੇਂ ਕਿਸ ਕੋਲ ਕਰਦੇ ਪੱਤਝੜਾਂ ਦੇ ਨਾਮ ’ਤੇ,
ਜਦ ਚਮਨ ਤੇਰਾ ਦੇਖਿਆ ਸੀ ਨਾਲ ਬਹਾਰਾਂ ਭਰ ਗਿਆ।

ਹਰ ਸੁਰਖ ਸੂਹੀ ਭੌਰ ਦੀ ਲਾਲੀ ਮਿਲੇ ਤੈਨੂੰ ਸਦਾ,
ਬਸ ਆਪਣਾ ਤਾਂ ’ਨੇਰਿਆਂ ਦੇ ਨਾਲ ਬਹਿ ਕੇ ਸਰ ਗਿਆ।

ਬਿਜਲੀ ਜਲਾਊ ਆਲ੍ਹਣਾ ‘ਦਰਸ਼ਨ’ ਕਦੋਂ ਸਾਂ ਜਾਣਦੇ,
ਤਦ ਜਾਣਿਆ ਜਦ ਸੀ ਜਲਾਇਆ ਹਸਰਤਾਂ ਦਾ ਘਰ ਗਿਆ।

✪

## ਗ਼ਜ਼ਲ

ਕਿਸੇ ਦੇ ਨੂਰ ਦਾ ਜਲਵਾ ਕਿਤੇ ਨਾ ਛਲ ਗਿਆ ਹੁੰਦਾ,
ਪਤੰਗਾ ਆਣ ਅਗਨੀ ’ਤੇ ਕਿਵੇਂ ਫਿਰ ਜਲ ਗਿਆ ਹੁੰਦਾ।

ਕਿਸੇ ਜੇ ਮਸਤ ਨੈਣਾਂ ’ਚੋਂ ਪਿਲਾਈ ਨਾ ਕਿਤੇ ਹੁੰਦੀ,
ਦੁਪਹਿਰਾ ਪ੍ਰੇਮ ਦਾ ਸਿਰ ਤੋਂ ਕਦੋਂ ਦਾ ਢਲ ਗਿਆ ਹੁੰਦਾ।

ਝਨਾਂ ਵਿਚ ਇਸ਼ਕ ਦੀ ਬਣਦੀ ਕਿਵੇਂ ਫਿਰ ਦਾਸਤਾਂ ਕੋਈ,
ਤੂਫ਼ਾਨਾਂ ਨਾਲ ਜੇ ਕੱਚਾ ਕਿਤੇ ਨਾ ਰਲ ਗਿਆ ਹੁੰਦਾ।

ਕਦੇ ਇਲਜ਼ਾਮ ਨਾ ਲੱਗਦਾ ਕਿਸੇ ਭਾਬੀ ਦੇ ਮਿਹਣੇ ਨੂੰ,
ਜੇ ਧੀਦੋ ਚਾਕ ਬਣਨੇ ਦੀ ਅੜੀ ਤੋਂ ਟਲ ਗਿਆ ਹੁੰਦਾ।

ਕਦੇ ਪੁੰਨੂੰ ਲਈ ਮਰਦੀ ਨਾ ਪਿਆਸੀ ਹੋਂਦ ਸੱਸੀ ਦੀ,
ਪਿਲਾ ਕੇ ਨੀਰ ਜੇ ਠੰਢਾ ਕਿਤੋਂ ਤਾਂ ਥਲ ਗਿਆ ਹੁੰਦਾ।

ਪਈ ਜੋ ਲੀਕ ਪਾਣੀ ’ਤੇ ਖ਼ੁਲਾਸਾ ਕਰ ਗਏ ਹੁੰਦੇ,
ਹਿਲੋਰੇ ਮਾਰਦਾ ਸਾਗਰ ਜੇ ਰੁਕ ਦੋ ਪਲ ਗਿਆ ਹੁੰਦਾ।

ਨਾ ਰਸਤਾ ਭਟਕਦੀ ਕਿਧਰੇ ਕਿਸੇ ਦੀ ਆਸਥਾ ਕੋਈ,
ਹਨੇਰੀ ਰਾਤ ਦਾ ਦੀਵਾ ਜੇ ਮੱਥੇ ਬਲ ਗਿਆ ਹੁੰਦਾ।

ਸਲੋਨੇ ਖ਼ਾਬ ਵੀ ਬੁਣਦੇ ਮਿਟਾਉਂਦੇ ਪਿਆਸ ਨੈਣਾਂ ਦੀ,
ਸੁਹਾਣੀ ਰੀਝ ਦਾ ਸੁਫ਼ਨਾ ਜੇ ‘ਦਰਸ਼ਨ’ ਫਲ ਗਿਆ ਹੁੰਦਾ।

✪